# ਵਰਿਆਮ

ਅਪਰੈਲ, ੧੯੯੪

ਪੜ੍ਹ ਪੜ੍ਹ ਇਲਮ ਹਜ਼ਾਰ ਕਿਤਾਬਾਂ, ਆਲਿਮ ਹੋਏ ਭਾਰੇ ਹੂ
ਹਰਫ਼ ਇਕ ਇਸ਼ਕ ਦਾ ਪੜ੍ਹ ਨਾ ਜਾਣਨ, ਭੁਲੇ ਫਿਰਨ ਵਿਚਾਰੇ ਹੂ
ਇਕ ਨਿਗਾਹ ਜੇ ਆਸ਼ਿਕ ਵੇਖੇ, ਲੱਖ ਹਜ਼ਾਰਾਂ ਤਾਰੇ ਹੂ
ਲੱਖ ਨਿਗਾਹ ਜੇ ਆਲਮ ਵੇਖੇ, ਕਿਸੇ ਨ ਕੱਧੀ ਚਾੜ੍ਹੇ ਹੂ
ਇਸ਼ਕ ਅਕਲ ਵਿਚ ਮੰਜ਼ਲ ਭਾਰੀ, ਸੈਆਂ ਕੋਹਾਂ ਦੇ ਪਾੜੇ ਹੂ
ਜਿਨ੍ਹਾਂ ਇਸ਼ਕ ਖ਼ਰੀਦ ਨਾ ਕੀਤਾ, ਦੋਹੀਂ ਜਹਾਨੀਂ ਮਾਰੇ ਹੂ

—ਸੁਲਤਾਨ ਬਾਹੂ

Sri Satguru Jagjit Singh Ji eLibrary NamdhariElibrary@gmail.com

# ਐਂਬਰ ਬਿਸਕੁਟ ਪ੍ਰਾ: ਲਿ:

ਹੈਦਰਾਬਾਦ

https://archive.org/details/namdhari

ਵਧੀਆ, ਸਵਾਦਿਸ਼ਟ ਪੌਸ਼ਟਿਕ ਬਿਸਕੁਟ ਬਨਾਉਣ ਵਾਲੇ

**AMBER BISCUITS Pvt. Ltd.**

**SANTOSH NAGAR, X'ROAD, HYDERABAD-500035 INDIA**




Sri Satguru Jagjit Singh Ji eLibrary NamdhariElibrary@gmail.com

**HIGH CLASS GUN MANUFACTURERS**

**(SINGLE & DOUBLE BARRELS) 12-BORE GUNS**

**ALSO SALE & PURCHASES OF**

**INDIAN & IMPORTED (12-Bore Guns, Revolvers/Pistols N. P· Bore) Guns**

**Also Repairers of all Types of Guns**



## Once Purchased Ever Purchased

**Best Quality of The Day is Our Motto**

**Contact Us With Full Confidance :**

**Hallo : 33810**

# Free India Gun Manufacturers

**Prop : S. KARTAR SINGH (JAMMU-WALE)**

**6 Industrial Estate, Ashok Nagar,**

**Jammu Cantt.-3**

**Sister Concern :**

**M/s KARTAR SINGH**

**ARMS & AMMUNITION DEALERS**



Sri Satguru Jagjit Singh Ji eLibrary NamdhariElibrary@gmail.com

https://archive.org/details/namdhari

GRAM MA HRU P. O Box 64 Ph. 2527
Mfg. : Rice Bran Extraction Plant Accessories

**Matharu Engineering Works**

MATHARU TRADING COMPANY
Partner—S. Swaran Singh Matharu
Works :
Near Char Batti Chowk
Sultanpur Road, Kapurthala.

Branch : Ph. : 490853
2847 St. No. 6, New Janta Nager,
Near A. T. I. College, Gill Road, Ludhiana.

ਹਰ ਤਰ੍ਹਾਂ ਦੇ ਸੰਗੀਤ ਦੇ ਸਾਜਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



**ਗੁਰਦਿਆਲ ਸਿੰਘ ਐਂਡ ਸਨਜ਼**
ਫਗਵਾੜਾ ਗੇਟ, ਜਲੰਧਰ।
ਫੋਨ : 59869

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ

ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

**ਹਰਭਜਨ ਵੁੱਡ ਵਰਕਸ**
ਅਕਹਿਰੀ ਪੁਲੀ, ਜਲੰਧਰ-੧੪੪੦੦੪.

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲਕੜੀ ਦੇ ਤਸੱਲੀ ਬਖ਼ਸ਼ ਕੰਮ ਵਾਸਤੇ
ਦਰਸ਼ਨ ਦਿਓ

**ਬਚਨ ਸਿੰਘ ਐਂਡ ਸਨਜ਼**
ਨਿਊ ਟਿੰਬਰ ਮਾਰਕਿਟ,
ਅਕਿਹਰੀ ਪੁਲੀ, ਜਲੰਧਰ।

੧ਓ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
Turn Turn : 220010
**Makhan Singh Saggu**
**Narinder Singh Saggu**

**TECHNO INDUSTRIES**

Manufacturers, Fabricators & Exporters
Industrial Chain Sprockets & Sugar Mill
Spares All Types of Graded Casting
& Machinery Parts
E.D. 311, Old Railway Road,
JALANDHAR-144 001.

Manufacturers of :
ALL KINDS OF WOODEN FURNITURE

**PARTAP**
**Furnishers & Packers**
Phone : 5441481
Showroom : B-204, Mansrover Garden,
NEW DELHI-110015.
Works : A-3, Sudershan Park,
NEW DELHI-15.



Sri Satguru Jagjit Singh Ji eLibrary NamdhariElibrary@gmail.com

https://archive.org/details/namdhari

GOLD MEDAL WINNER
(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by:
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

ਡਾਲਟਨ ਗੰਜ (ਬਿਹਾਰ)

# Namdhari Brothers

DALTON GANJ
(Bihar)

Prop. :
S. AJIT SINGH NAMDHARI

*With best compliments from :*

OstER PARtNER

CARDIGANS • PULLOVERS

*Ante-date Knitters*

A quality product of
UDEY Knitwears
Manufacturers & Exporters
Street No.3, Jammu Colony, Nr. Preet Palace, Opp Atam Park, LUDHIANA-141 003
Phones:405338, 36349, Fax:26070 ATTN.,24349



Sri Satguru Jagjit Singh Ji eLibrary NamdhariElibrary@gmail.com

# ਪ੍ਰਤਿਕ੍ਰਿਆ

ਸੱਚੇ ਪਾਤਸ਼ਾਹ ਤੈਨੂੰ ਸਿਖਰਾਂ ਦੀ ਸੈਰ ਕਰਾਣ। 'ਪਿੰਡੀ ਦੀ ਗੱਲ' ਵਿਚ ਲੇਖਕ ਦਾ ਨਾਉਂ ਪੜ੍ਹ ਕੇ ਉਹ ਪੇਂਡੂ ਬੋਲੀ ਸਾਹਮਣੇ ਆ ਖਲੋਤੀ ਏ।

ਕੋਠੇ ਤੇ ਕਾਂ ਬੋਲੇ
ਚਿੱਠੀ ਆਈ ਮਾਹੀਏ ਦੀ
ਵਿਚ ਮੇਰਾ ਨਾਂ ਬੋਲੇ।

ਏਸੇ ਮੇਰੇ ਨਾਂ, ਪਿੰਡੀ ਦੇ ਬਾਰਾਂ ਸਾਲਾਂ ਦੀ ਮੂਰਤੀ ਸਾਹਮਣੇ ਕਰ ਵਿਖਾਈ ਏ। ਉਹ ਚਿੱਟੀਆਂ ਹੱਟੀਆਂ ਦੇ ਦੀਵਾਨ ਸ. ਆਤਮਾ ਸਿੰਘ ਤੇ ਬੀਬੀ ਲੀਲਾ ਵੰਤੀ ਦੇ ਕੀਰਤਨ, ਸਾਂਝੇ ਗੁਰਪੁਰਬ, ਹਿੰਦੂ ਮੁਸਲਿਮ ਤੇ ਨਾਮਧਾਰੀਆਂ ਦੇ ਮਿਲਵੇਂ ਜਲੂਸ, ਹਰਿ ਹਰਿ ਮਹਾਂ ਦੇਵ, ਅਲਾਹ-ਹੂ-ਅਕਬਰ ਤੇ ਬੋਲੇ ਸੋ ਨਿਹਾਲ ਦੇ ਆਕਾਸ਼ ਗੂੰਜਦੇ ਨਾਅਰੇ, ਸੰਤ ਅਤਰ ਸਿੰਘ ਦੀਆਂ ਇੰਦਰ ਮੋਹਨੀਆਂ ਦੀ ਝੁਣਕਾਰ, ਸੰਤ ਮੰਗਲ ਸਿੰਘ ਜੀ ਦੇ ਦਿਲ ਤੇ ਡੂੰਘਾ ਪ੍ਰਭਾਵ ਪੈਦਾ ਕਰਨ ਵਾਲੇ ਸਿਧੇ ਸਾਦੇ ਪੰਜਾਬੀ ਅਸਰਦਾਇਕ ਵਿਖਿਆਨ ਕੰਨਾਂ ਵਿਚੋਂ ਗੂੰਜਣ ਲਗ ਪਏ ਹਨ। ਇਸਦੇ ਨਾਲ ਚਿਟੀਆਂ ਹੱਟੀਆਂ ਦੀ ਧਰਮਸਾਲੇ ਨੌਜਵਾਨਾਂ ਨੂੰ ਪੰਜਾਬੀ ਪੜ੍ਹਾਉਣ ਦੀਆਂ ਯਾਦਾਂ ਨੇ ਰੰਗ ਬੰਨ੍ਹ ਦਿਤਾ ਏ।

ਉਪਰ ਤੋਂ ਵਖ ਵਰਿਆਮ ਨੇ ਔਰੰਗਾਬਾਦ ਦੇ ਸੰਗੀਤ ਸੰਮੇਲਨ, ਸੰਤ ਹਰਭਜਨ ਸਿੰਘ ਦੇ ਖੁਲ ਦਿਲੇ ਵਰਤਾਰੇ ਨੇ ਅਜਬ ਦੁਨੀਆ ਵਿਚ ਪਹੁੰਚਾ ਦਿਤਾ ਹੈ। ਬਹੁਤਾ ਕੀ ਕਹਿਣਾ ਏ ਧੰਨਵਾਦ ਹੀ ਸ਼ੋਭਦਾ ਏ।

ਨਿਹਾਲ ਸਿੰਘ (ਮਾ)
੧੯੯ ਰਾਮ ਨਗਰ ਐਕਸਟੈਨਸ਼ਨ
ਦਿੱਲੀ-੫੧

— —

ਗਲ ਤਾਂ ਤੁਹਾਡੀ ਸੁਘੜ ਲੇਖਣੀ ਦੀ ਹੈ। ਖਾਸ ਕਰਕੇ 'ਖਿਲਰੇ ਪੱਤਰੇ' ਦੀ। ਮੈਂ ਪਿਛਲੇ ਅੱਠ ਮਹੀਨਿਆਂ ਤੋਂ ਬੀਮਾਰ ਪਿਆ ਘਰ ਦੇ ਮੇਜਿਆਂ ਤੇ ਕੁਰਸੀਆਂ ਦੀਆਂ ਉਮਰਾਂ ਘਟਾਂਦਾ ਰਹਿੰਦਾ ਹਾਂ। ਪਰ 'ਬਤਰੀ' ਤੇ 'ਘੋੜੇ ਕੀ ਕਿਤਨੀ ਟਾਂਗੇ ਹੋਤੀ ਹੈ' ਨੇ ਮੈਨੂੰ ਇਸ ਬੀਮਾਰੀ ਦੀ ਹਾਲਤ ਵਿਚ ਭੀ ਰੱਜ ਕੇ ਹਸਾਇਆ। ਮੁੜ ਮੁੜ ਕੇ ਕਈ ਵੇਰ ਪੜ੍ਹਿਆ ਤੇ ਉਸ ਹਾਸੇ ਵਿਚ ਘਾਟਾ ਨਾ ਪਿਆ। ਮੈਂ ਸੋਚਦਾ ਹਾਂ 'ਗੁਰਦਿਆਲ ਰੋਸ਼ਨ ਲੁਧਿਆਣਾ' ਹੋਰਾਂ ਦੇ ਹਾਸੇ ਦਾ ਕੀ ਹੋਇਆ ਹੋਵੇਗਾ ਜੋ ਸਾਈਕਲ ਤੋੜਣ ਵਾਲੀ ਸੁਭਾਵਕ ਗਲ ਤੇ ਬਹੁਤ ਹੱਸੇ ਸਨ? ਤੇ ਉਹਨਾਂ ਨੂੰ ਤੇ ਕੋਈ ਹਾਸ-ਵਿਅੰਗ ਤੇ ਹਾਸ ਸੀਰੀਅਲ ਭੀ ਹਸਾ ਨਹੀਂ ਸਕਿਆ ਸੀ।

ਐਸੀ ਸੋਹਣੀ ਲੇਖਣੀ ਲਈ ਤੁਸੀਂ ਢੇਰ ਸਾਰੀ ਪ੍ਰਸ਼ੰਸਾ ਦੇ ਹੱਕਦਾਰ ਹੋ।'

ਊਧਮ ਸਿੰਘ (ਕੈਪਟਨ)
ਡੀ-੫੭ ਸਰੋਜਨੀ ਨਗਰ ਲਖਨਊ

— —

......ਔਰੰਗਾਬਾਦ ਦੀ ਯਾਤਰਾ ਭਾਵੇਂ ਜਿਸਮਾਨੀ ਤੌਰ ਤੇ ਤਾਂ ਤੁਹਾਡੇ ਸੰਗ ਨਹੀਂ ਕੀਤੀ ਪਰ ਤੁਹਾਡੇ ਆਰਟੀਕਲ ਤੋਂ ਅਨੰਦ ਇਸ ਤਰ੍ਹਾਂ ਲਿਆ ਜਿਵੇਂ ਮੈਂ ਵੀ ਤੁਹਾਡੇ ਨਾਲ ਹੀ ਯਾਤਰਾ ਵਿਚ ਸ਼ਰੀਕ ਹੋਵਾਂ। ਯਾਤਰਾਵਾਂ ਦਾ ਮੈਨੂੰ ਵੀ ਬੇਹੱਦ ਚੱਸਕਾ ਹੈ। ਕਦੇ ਭਵਿਖ ਵਿਚ ਇੰਜ ਦਾ ਅਵਸਰ ਲਗਾ ਤਾਂ ਗਰੀਬ ਨੂੰ ਯਾਦ ਕਰ ਲੈਣਾ......ਖੈਰ ਤੁਹਾਡੇ ਆਰਟੀਕਲ ਤੋਂ ਸੰਗੀਤ ਸੰਮੇਲਨ ਦਾ ਚੰਗਾ ਰੰਗ ਬੱਝਾ ਹੈ।

ਜੈ ਤੇਰਾ ਸਿੰਘ ਅਨੰਤ
ਚੰਡੀਗੜ੍ਹ,

— —

ਆਪ ਜੀ ਦੀ ਔਰੰਗਾਬਾਦ ਦੀ ਫੇਰੀ ਪੜ੍ਹ ਕੇ (ਵਰਿਆਮ, ਮਾਰਚ-ਫਰਵਰੀ ੧੯੯੪) ਮੈਨੂੰ ਆਪਣੀ ਉਥੇ ਦੀ ਇਕ ਫੇਰੀ ਦੀ ਯਾਦ ਤਾਜ਼ਾ ਹੋ ਗਈ।

ਇਹ ੧੯੫੮-੫੯ ਦਾ ਸਮਾਂ ਸੀ ਤੇ ਮੈਂ ਉਦੋਂ ਪੂਨੇ ਸੀ। ਇਕ ਵਾਰੀ ਮੇਰੇ ਕਮਾਂਡਰ ਨੇ ਔਰੰਗਾਬਾਦ ਦੇ ਦੌਰੇ ਦਾ ਮਨ ਬਣਾਇਆ, ਤੇ ਮੈਨੂੰ ਵੀ ਨਾਲ ਲੈ ਗਏ। ਉਥੇ ਅਸੀਂ ੨-੩ ਦਿਨ ਰੁਕੇ ਹੋਵਾਂਗੇ। ਉਥੋਂ ਦੀਆਂ ਯੂਨਟਾਂ ਦਾ ਤੇ ਚੱਕਰ ਲਾਣਾ ਹੀ ਸੀ, ਅਤੇ ਉਹਨਾਂ ਦੇ ਮਸਲਿਆਂ ਬਾਰੇ ਸੁਣਨਾ ਅਤੇ ਕਮਾਂਡਰ ਸਾਹਿਬ ਦੇ ਫੈਸਲੇ ਹੋਣੇ ਹੀ ਸੀ, ਇਸ ਤੋਂ ਇਲਾਵਾ ਮੈਂ ਔਰੰਗਾਬਾਦ ਦਾ ਵੀ ਚੱਕਰ ਲਾਇਆ ਅਤੇ ਕਈ ਇਤਿਹਾਸਕ ਸਥਾਨਾਂ ਦੀ ਯਾਤਰਾ ਕੀਤੀ। ਇਹਨਾਂ ਵਿਚ ਇਕ



Sri Satguru Jagjit Singh Ji eLibrary NamdhariElibrary@gmail.com

ਖੂਬਸੂਰਤ ਅਸਥਾਨ ਇਲੌਰਾ ਦੀਆਂ ਗੁਫਾਵਾਂ ਵਿਚ ਪੱਥਰ ਉਪਰ ਤਰਾਸ਼ੀਆਂ ਮੂਰਤੀਆਂ ਵੇਖਣ ਦਾ ਅਵਸਰ ਵੀ ਮਿਲਿਆ। ਉਹਨੀਂ ਦਿਨੀਂ ਭਾਰਤ ਦੇ ਉਪ-ਰਾਸ਼ਟਰਪਤੀ ਡਾ: ਰਾਧਾ ਕਰਿਸ਼ਨਨ ਸਾਹਿਬ ਵੀ ਦੌਰੇ ਤੇ ਪਧਾਰੇ ਹੋਏ ਸਨ। ਇਕ ਦਿਨ ਉਹਨਾਂ ਨੇ ਫੌਜੀ ਅਫਸਰਾਂ ਦੇ ਮੈਸ ਵਿਚ ਲੰਚ ਕੀਤਾ। ਅਸੀਂ ਸਾਰੇ ਅਫਸਰ ਬੜੇ ਖੁਸ਼ ਸੀ, ਕਿਉਂਕਿ ਏਡੀ ਵੱਡੀ ਹਸਤੀ ਦਾ ਸਾਡੇ ਘਰ ਆਉਣਾ ਇਕ ਮਾਨ ਵਾਲੀ ਗੱਲ ਸੀ।

ਲੰਚ ਉਪਰੰਤ ਅਸੀਂ ਸਾਰੇ ਡਰਾਇੰਗ ਰੂਮ ਵਿਚ ਆ ਗਏ। ਡਾ: ਰਾਧਾ ਕ੍ਰਿਸ਼ਨਨ ਸਾਹਿਬ ਤਾਂ ਇਕ ਸੋਫੇ ਤੇ ਬਰਾਜਮਾਨ ਹੋ ਗਏ ਤੇ ਅਸੀਂ ਸਾਰੇ ਅਫਸਰ ਹੇਠਾਂ ਹੀ ਗਲੀਚਿਆਂ ਤੇ ਬੈਠ ਗਏ ਤੇ ਆਪਣੇ ਉਪ-ਰਾਸ਼ਟਰਪਤੀ ਨਾਲ ਵਿਚਾਰ-ਵਟਾਂਦਰਾ ਸ਼ੁਰੂ ਕੀਤਾ। ਡਾ: ਸਾਹਿਬ ਵਰਗੇ ਸਕਾਲਰ ਫਿਲਾਸਫਰ ਦੇ ਬੋਲ ਤੇ ਢੁਕਵੇਂ ਹੋਣੇ ਹੀ ਸਨ, ਪਰ ਉਹਨਾਂ ਦੇ ਤਰਜ਼ੇ ਬਿਆਨ ਨੇ ਸਾਨੂੰ ਫ਼ੌਜੀ ਅਫਸਰਾਂ ਨੂੰ ਬਹੁਤ ਪ੍ਰਭਾਵਤ ਕੀਤਾ। ਉਹਨਾਂ ਦੇ ਨਾਲ ਹੀ ਸੋਫੇ ਤੇ ਇਕ ਸਥਾਨਕ ਕਾਂਗਰਸੀ ਵੀ ਬੈਠਾ ਸੀ। ਇਹਨੂੰ ਸ਼ਾਇਦ ਅਚਵੀ ਲਗੀ ਹੋਈ ਸੀ ਕਿ ਹਰ ਥੋੜੇ ਸਮੇਂ ਪਿਛੋਂ ਉਹ ਡਾਕਟਰ ਸਾਹਿਬ ਨੂੰ ਚਲਣ ਨੂੰ ਕਹਿ ਦੇਂਦਾ ਸੀ। ਇਕ ਵਾਰੀ ਰਾਧਾ-ਕ੍ਰਿਸ਼ਨਨ ਸਾਹਿਬ ਨੇ ਥੋੜ੍ਹਾ ਗੁੱਸੇ ਵਿਚ ਆ ਕੇ ਉਹਨੂੰ ਕਿਹਾ ਠਹਿਰੋ, ਥੋੜ੍ਹਾ ਸਬਰ ਕਰੋ। ਤੁਹਾਨੂੰ ਪਤਾ ਨਹੀਂ ਫੌਜੀ ਅਫਸਰ ਆਪਣੇ ਉਪ-ਰਾਸ਼ਟਰਪਤੀ ਦੀ ਸੰਗਤ ਕਰਕੇ ਕਿਤਨੇ ਖ਼ੁਸ਼ ਹੋ ਰਹੇ ਨੇ।' ਤੇ ਫੇਰ ਉਹ ਕਾਂਗਰਸੀ ਚੁੱਪ ਹੀ ਰਿਹਾ।

ਇਸ ਦੇ ਬਾਅਦ ਉਪ-ਰਾਸ਼ਟਰਪਤੀ ਜੀ ਦਾ ਕਾਰਵਾਂ ਅਜੰਤਾ ਗੁਫਾਵਾਂ ਵੱਲ ਟੁਰ ਪਿਆ। ਮੈਂ ਵੀ ਆਪਣੀ ਫੌਜੀ ਗੱਡੀ ਵਿਚੇ ਹੀ ਠੇਲ ਦਿਤੀ। ਉਥੇ ਪੁੱਜ ਕੇ ਅਗੇ ਪੱਥਰ ਮੂਰਤੀਆਂ ਵਿਖਾਉਣ ਦਾ ਸ਼ਲਾਘਾਯੋਗ ਪਰਬੰਧ ਸੀ। ਕਈ ਪਾਸਿਆਂ ਤੋਂ ਫਲੇਸ਼ ਲਾਈਟਾਂ ਸੁਟ ਕੇ ਮੂਰਤੀ ਦੇ ਅੰਗ ਵਾਰ ਵਾਰ ਚਮਕਾ ਕੇ ਡਾ: ਸਾਹਿਬ ਲਈ ਗਾਈਡ ਬਿਆਨ ਕਰਦਾ। ਅਸੀਂ ਵੀ ਇਸ ਦਾ ਫਾਇਦਾ ਲਿਆ, ਨਹੀਂ ਤਾਂ ਸਾਨੂੰ ਕਿੰਨੇ, ਏਨੇ ਯਤਨਾਂ ਨਾਲ ਇਹ ਪੱਥਰ ਵਿਚ ਘੜੀਆਂ ਹੋਈਆਂ ਮੂਰਤੀਆਂ ਬਾਰੇ ਦਸਣਾ ਸੀ। ਵਡਿਆਂ ਦੀ ਸੰਗਤ ਦਾ ਲਾਭ ਹੁੰਦਾ ਹੈ। ਇੰਜ ਸਿਰਫ ੨-੩ ਮੂਰਤੀਆਂ ਵਿਖਾਈਆਂ ਗਈਆਂ। ਇਸ ਉਪਰੰਤ ਇਸ ਕਾਫਲੇ ਨੇ ਔਰੰਗਾਬਾਦ ਨੂੰ ਮੋੜਾ ਪਾ ਦਿੱਤਾ।

ਤੁਗਲਕਾਬਾਦ ਦਾ ਕਿਲ੍ਹਾ ਤੋ ਮੈਂ ਪਹਿਲਾਂ ਹੀ ਵੇਖਿਆ ਹੋਇਆ ਸੀ।

ਸਾਡੇ ਦੌਰੇ ਦਾ ਸਮਾਂ ਵੀ ਪੂਰਾ ਹੋ ਚੁਕਾ ਸੀ, ਸੋ ਅਸੀਂ ਪੂਨੇ ਵਾਪਸ ਚਲੇ ਗਏ।

**ਗੁਲਚਰਨ ਸਿੰਘ**
ਲੈਫ: ਕਰਨਲ (ਰਿ)
ਬਬੀਨਾ

---

ਨਵੰਬਰ ੯੩ ਦਾ ਵਰਿਆਮ ਸੰਧੂ ਵਿਸ਼ੇਸ਼ ਅੰਕ ਪੜ੍ਹਿਆ ਸਚਮੁੱਚ ਹੀ ਸੰਧੂ ਦੀ ਕਹਾਣੀ ਵਿਸ਼ਵ ਸਾਹਿਤ ਦੀ ਕਹਾਣੀ ਦੇ ਬਰ ਮੇਚਣ ਦੇ ਸਮਰਥ ਏ। ਜਿਥੇ ਪਹਿਲਾਂ ਮਨਜੀਤ ਯਾਦਗਾਰੀ ਪੁਰਸਕਾਰ ਸਮਰੱਥ ਲੇਖਕਾਂ ਨੂੰ ਦਿਤਾ ਗਿਆ ਉਥੇ ਸੰਧੂ ਨਾਲ ਇਸ ਪੁਰਸਕਾਰ ਜੋੜ ਕੇ ਵੇਖੀਏ ਤਾਂ ਦੋਵੇਂ ਇਕ ਦੂਸਰੇ ਦੇ ਪੂਰਕ ਜਾਪਦੇ ਹਨ।

**ਪ੍ਰਿਥਵੀ ਨੂਰ**

---

## ਵਰਿਆਮ ਪ੍ਰਤੀ ਸਹਿਯੋਗ

**ਸ. ਗੁਰਤੇਗ ਸਿੰਘ, ਚੀਮਾ ਨਗਰ ਜਲੰਧਰ**

ਆਪਣੇ ਗ੍ਰਹਿ ਵਿਚ ਪਾਠ, ਕੀਰਤਨ ਅਤੇ ਲੰਗਰ ਕਰਾਉਣ ਸਮੇਂ ਵਰਿਆਮ ਨੂੰ ੧੦੦-੦੦

**ਨਾਮਧਾਰੀ ਸੰਗਤ, ਜਮਨਾ ਪਾਰ ਦਿੱਲੀ**

ਬਸੰਤ ਪੰਚਮੀ ਦੇ ਪੁਰਬ ਦੀ ਖੁਸ਼ੀ ਵਿਚ ੧੦੦-੦੦

**ਮਾਤਾ ਲਖਬੀਰ ਕੌਰ, ਲਖਨਊ**

੧੪ ਫਰਵਰੀ ਨੂੰ ਚੜ੍ਹਾਈ ਕਰ ਗਏ। ਉਹਨਾਂ ਦੀ ਯਾਦ ਵਿਚ ਸ. ਹਰਦੀਪ ਸਿੰਘ ਲਖਨਊ ਵਲੋਂ ੩੦-੦੦

**ਸ. ਸਰਦਾਰਾ ਸਿੰਘ ਲੁਧਿਆਣਾ**

ਦੇ ਪਰਿਵਾਰ ਸ: ਜਗਮੋਹਨ ਸਿੰਘ, ਸੂਬਾ ਹਰਭਜਨ ਸਿੰਘ, ਸ. ਗੁਰਬਖਸ਼ੀਸ਼ ਸਿੰਘ ਵਲੋਂ ਅਪਣੇ ਕਾਰੋਬਾਰ ਉਦੇ ਨਿਟ-ਵੀਅਰ ਨੂੰ ਡੂਗਰੀ ਰੋਡ ਲੁਧਿਆਣਾ ਦੇ ਨਵੇਂ ਕੰਪਲੈਕਸ ਵਿਚ ਸਥਾਪਤ ਕਰਨ ਸਮੇਂ ੧੦੦੦-੦੦



Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਅਪਰੈਲ-੧੯੯੪ ਜਿਲਦ-੧੯ ਅੰਕ—੬

ਤਤਕਰਾ


ਜੋਗੁ ਬਨਿਆ ਤੇਰਾ ਕੀਰਤਨੁ ਗਾਈ —ਗੁਰਬਚਨ ਸਿੰਘ ਚੰਡੀਗੜ੍ਹ ੯

ਗੰਡਾਸਾ (ਕਹਾਣੀ)—ਅਹਿਮਦ ਨਦੀਮ ਕਾਸਮੀ ੧੨

ਪਿੰਡੀ ਦੀਆਂ ਰੌਣਕਾਂ—ਜਗਦੀਸ਼ ਸਿੰਘ ੨੧

ਆਓ ਨੱਚੀਏ (ਕਵਿਤਾ)—ਪ੍ਰੋ: ਮੋਹਨ ਸਿੰਘ ੨੪

ਜੋਦੜੀ, ਫ਼ਕੀਰੀ ਦੀ ਅਮੀਰੀ (ਕਵਿਤਾਵਾਂ) —ਅਜਾਇਬ ਸਿੰਘ ੨੫

ਅੰਤਰਜਾਮੀ ਸਤਿਗੁਰੂ—ਬਲਦੇਵ ਸਿੰਘ ੨੬

ਸਖ਼ੀ ਫ਼ਕੀਰ—ਅਮਰ ਭਾਰਤੀ ੨੮

ਇਕ ਦਰਵੇਸ਼ ਦਿਲ ਦੀ ਸਿਮ੍ਰਤੀ ਪਿਆਰਾ ਸਿੰਘ ਦਾਤਾ ਦੀਆਂ ੩੨

ਭੁਲੀਆਂ ਵਿਸਰੀਆਂ ਯਾਦਾਂ—ਜਗਦੀਸ਼ ਸਿੰਘ ੩੪

ਖ਼ਬਰਨਾਮਾ ੩੫


☐ ਵਰਿਆਮ ਵਾਸਤੇ ਭੇਜੇ ਜਾਣ ਵਾਲੇ ਚੈਕ-ਡਰਾਫਟ-ਮਨੀਆਰਡਰ ਉਤੇ Monthly Wariam ਹੀ ਲਿਖਿਆ ਜਾਵੇ ।

### ਵਰਿਆਮ ਦੇ ਦਰ

| | |
|---|---|
| ਇਕ ਪ੍ਰਤੀ | ੫.੦੦ ਰੁਪਏ |
| ਸਾਲਾਨਾ ਚੰਦਾ | ੫੦.੦੦ ,, |
| ਤਿੰਨ ਸਾਲ ਵਾਸਤੇ | ੧੨੦.੦੦ ,, |
| ਚਾਰ ਸਾਲ ਵਾਸਤੇ | ੧੭੦.੦੦ ,, |
| ਪੰਜ ਸਾਲ ਵਾਸਤੇ | ੨੦੦.੦੦ ,, |
| ਉਮਰ ਭਰ ਵਾਸਤੇ | ੫੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੫੦੦.੦੦ |

### ਵਰਿਆਮ ਸਕਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩-੨-੭੭ ਐਡੀਟਰਜ਼, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ ।

# ਹਿੰਸਾ ਦੇ ਬੀਜ

ਡੇਰਾ ਬਸੀ ਦੇ ਕੋਲ ਕੱਟੇ (ਜਾਂ ਮੱਝਾਂ) ਮਾਰਨ ਵਾਲਾ ਇਕ ਆਧੁਨਕ ਕਰਖਾਨਾ ਲਾਇਆ ਜਾ ਰਿਹਾ ਹੈ ।'ਪੰਜਾਬ ਮੀਟਸ' ਦੇ ਨਾਂਅ ਤੇ ਲਾਇਆ ਜਾਣ ਵਾਲਾ ਇਹ ਕਾਰਖਾਨਾ ਬਦੇਸ਼ੀ ਮਸ਼ੀਨਰੀ ਅਤੇ ਬਦੇਸ਼ੀ ਪੈਸੇ ਦੇ ਸਹਿਯੋਗ ਨਾਲ ਲਾਇਆ ਜਾ ਰਿਹਾ ਹੈ । ਇਸ ਵਿਚ ਪੰਜਾਬ ਸਰਕਾਰ ਦੀਆਂ ਏਜੰਸੀਆਂ ਦੀ ਵੀ ਭਾਈਵਾਲੀ ਹੈ । ਇਸ ਦੇ ਪਰਬੰਧਕ ਵਡੇ ਵਡੇ ਆਦਮੀ/ਅਫਸਰ ਹਨ । ਉਹ ਇਸ ਨੂੰ ਆਧੁਨਕ ਕਾਰਖਾਨਾ ਆਖਦੇ ਹਨ ਪਰ ਇਸ ਦਾ ਵਿਰੋਧ ਕਰਨ ਵਾਲੇ ਇਸ ਨੂੰ ਬੁੱਚੜਖਾਨਾ ਕਹਿੰਦੇ ਹਨ । ਅਖਬਾਰਾਂ ਵਿਚ ਵਡੀਆਂ ਵਡੀਆਂ ਖਬਰਾਂ ਲੁਆ ਕੇ ਪਰਬੰਧਕ ਕਹਿ ਰਹੇ ਹਨ ਕਿ ਇਹ ਬੁੱਚੜਖਾਨਾ ਨਹੀਂ। ਇਹ ਕਾਰਖਾਨਾ ਹੈ। ਉਂਝ ਇਥੇ ਹਰ ਰੋਜ਼ ਹਜ਼ਾਰਾਂ ਜਾਨਵਰ ਇਕੋ ਵਾਰ ਨਵੀਆਂ ਮਸ਼ੀਨਾਂ ਨਾਲ ਕਤਲ ਕੀਤੇ ਜਾਣਗੇ । ਉਹਨਾਂ ਦਾ ਮਾਸ ਬੜੇ ਸਾਫ ਸੁਥਰੇ ਢੰਗ ਨਾਲ ਡੱਬਿਆਂ ਵਿਚ ਬੰਦ ਕਰਕੇ ਬਦੇਸ਼ਾਂ ਨੂੰ ਭੇਜਿਆ ਜਾਵੇਗਾ । ਅਰਬਾਂ ਰੁਪਿਆਂ ਦੀ ਵਿਦੇਸ਼ੀ ਮੁਦਰਾ ਕਮਾਈ ਜਾਵੇਗੀ । ਇਸ ਨਾਲ ਗੁਜਰਾਂ ਨੂੰ ਬੜਾ ਲਾਭ ਹੋਵੇਗਾ । ਇਹ ਵੀ ਦਲੀਲ ਦਿਤੀ ਜਾ ਰਹੀ ਹੈ ਕਿ ਪੰਜਾਬੀਆਂ ਦੀ ਬਹੁ ਗਿਣਤੀ ਮਾਸ ਅਹਾਰੀ ਹੈ ਅਤੇ ਥੋਹੜੇ ਕੁ ਲੋਕ ਧਰਮ ਦੇ ਨਾਂਅ ਤੇ ਇਸ ਦੀ ਵਿਰੋਧਤਾ ਕਰ ਰਹੇ ਹਨ । ਦੂਜੇ ਪਾਸੇ ਜੈਨ ਸਮਾਜ ਵਲੋਂ ਇਸ ਮੁੱਦੇ ਉਤੇ ਇਕ ਵਿਆਪਕ ਅੰਦੋਲਨ ਚਲਾਇਆ ਜਾ ਰਿਹਾ ਹੈ ਕਿ ਇਹ ਬੁਚੜਖਾਨਾ ਕਦਾਚਿਤ ਪੰਜਾਬ ਦੀ ਧਰਤੀ ਤੇ ਨਹੀਂ ਬਨਣਾ ਚਾਹੀਦਾ । ਇਸ ਸੰਬੰਧ ਵਿਚ ਵਰਤਾਂ ਦਾ ਸਿਲਸਲਾ ਵੀ ਚਲਾਇਆ ਜਾਂਦਾ ਰਿਹਾ ਹੈ । ਪਿਛਲੇ ਦਿਨੀਂ ਜੈਨ ਸੰਤ ਸ੍ਰੀ ਅਜੈ ਮੁਨੀ ਜੀ ਨੇ ੧੬੩ ਦਿਨਾ ਵਰਤ ਖਤਮ ਕੀਤਾ ਸੀ ਅਤੇ ਹੁਣ ਜੈਨ ਸਮਾਜ ਵਿਚ ਕਾਫੀ ਉਚੇ ਸਥਾਨ ਵਾਲੇ ਮੁਨੀ ਸ੍ਰੀ ਦੇਵਿੰਦਰ ਜੀ ਮੈਦਾਨ ਵਿਚ ਆ ਗਏ ਹਨ । ਇਹਨਾਂ ਸੰਤਾਂ ਨੇ ਲਗ ਪਗ ਸਾਰੀਆਂ ਹੀ ਸਿਆਸੀ ਪਾਰਟੀਆਂ ਦੇ ਬੰਦਿਆਂ ਵਿਚ ਆਪਣੀ ਗਲ ਪਹੁੰਚਾਈ ਹੈ। ਹਿੰਦੂ ਸਿਖ ਸਾਰੇ ਖਿਆਲਾਂ ਦੇ ਲੋਕ ਇਹਨਾਂ ਨੂੰ ਸਮਰਥਨ ਵੀ ਦੇ ਰਹੇ ਹਨ । ਇਸ ਸੰਬੰਧ ਵਿਚ ਕੇਂਦਰੀ ਸਰਕਾਰ ਚੁੱਪ ਹੈ । ਚੁੱਪ ਦਾ ਭਾਵ ਹੈ ਕਾਰਖਾਨੇ-ਬੁਚੜਖਾਨੇ ਲਈ ਰਜ਼ਾਮੰਦ ਹੈ । (ਬੁੱਚੜ ਅੰਗਰੇਜ਼ੀ ਦਾ ਸ਼ਬਦ ਹੈ ਜਿਸ ਦੇ ਅਰਥ ਹਨ ਕਸਾਈ । ਬੁੱਚੜਖਾਨਾ ਉਹ ਥਾਂ ਹੁੰਦੀ ਹੈ ਜਿਥੇ ਜਾਨਵਰ ਮਾਰੇ ਜਾਣ । ਕਾਰਖਾਨਾ ਉਹ ਥਾਂ ਹੁੰਦੀ ਹੈ ਜਿਥੇ ਕੋਈ ਚੀਜ਼ ਨਵੀਂ ਤਿਆਰ ਕੀਤੀ ਜਾਵੇ) ਕੇਂਦਰੀ ਮੰਤਰੀ ਸ੍ਰੀ



Sri Satguru Jagjit Singh Ji eLibrary NamdhariElibrary@gmail.com

ਬਲਰਾਮ ਜਾਖੜ ਨੇ ਤਾਂ ਚੰਡੀਗੜ੍ਹ ਦੇ ਦਿਗੰਬਰ ਜੈਨ ਮੰਦਿਰ ਵਿਚ ਹੀ ਮਹਾਵੀਰ ਜਯੰਤੀ ਜਿਹੇ ਸਮੇਂ ਜਾ ਕੇ ਪਤਰਕਾਰਾਂ ਨੂੰ ਕਿਹਾ ਕਿ ਸਰਕਾਰ ਕੁਝ ਨਹੀਂ ਕਰੇਗੀ। ਸੋ ਮਾਮਲਾ ਇਥੇ ਹੈ ਕਿ ਸਰਕਾਰ ਆਪਣੇ ਪ੍ਰੋਗਰਾਮ ਤੇ ਦ੍ਰਿੜ ਹੀ ਹੈ।

ਸੋਚਣ ਵਾਲੀ ਗਲ ਇਹ ਹੈ ਕਿ ਕੀ ਪੰਜਾਬ ਵਿਚ ਏਨੀ ਮੰਦਹਾਲੀ ਹੈ ਕਿ ਇਸ ਨੂੰ ਖੁਸ਼ਹਾਲੀ ਵਿਚ ਬਦਲਣ ਵਾਸਤੇ ਲੋਕਾਂ ਦੀਆਂ ਧਾਰਮਕ ਭਾਵਨਾਵਾਂ ਨੂੰ ਕੁਚਲਣ ਦੀ ਮਜਬੂਰੀ ਹੋਵੇ। ਗਲ ਤਾਂ ਸਿਧੀ ਹੈ ਕਿ ਇਥੇ ਹਜ਼ਾਰਾਂ ਕੱਟਿਆਂ ਦੀ ਧੌਣ ਹੀ ਨਹੀਂ ਲਾਹੀ ਜਾਵੇਗੀ ਲੱਖਾਂ ਲੋਕਾਂ ਦੇ ਦਿਲਾਂ ਨੂੰ ਵੀ ਕਟਿਆ ਜਾਵੇਗਾ। ਇਹ ਮੰਨ ਵੀ ਲਿਆ ਜਾਵੇ ਕਿ ਪੰਜਾਬ ਵਿਚ ਮਾਸਾਹਾਰੀਆਂ ਦੀ ਬਹੁ ਗਿਣਤੀ ਹੈ ਤਾਂ ਇਸ ਬਹਾਨੇ ਨੂੰ ਘੱਟ ਗਿਣਤੀ ਦੀ ਅਤਿ ਦੁਖਦੀ ਰਗ ਨੂੰ ਜ਼ਰੂਰ ਛੇੜਨਾ ਚਾਹੀਦਾ ਹੈ। ਪਰ ਹਕੀਕਤ ਇਹ ਹੈ ਕਿ ਪੰਜਾਬ ਵਿਚ ਸ਼ਾਕਾਹਾਰ ਜ਼ਿਆਦਾ ਪ੍ਰਚਲਤ ਹੈ। ਇਹ ਗਲ ਤਾਂ ਮੰਨੀ ਜਾ ਸਕਦੀ ਹੈ ਕਿ ਜਿਨਾਂ ਲੋਕਾਂ ਨੇ ਕਦੀ ਵੀ ਮਾਸ ਦਾ ਸੇਵਨ ਨਾ ਕੀਤਾ ਹੋਵੇ ਭਾਵ ਪੂਰਨ ਸ਼ਾਕਾਹਾਰੀ ਹੋਣ ਉਹਨਾਂ ਦੀ ਗਿਣਤੀ ਘਟ ਹੋਵੇ ਪਰ ਇਹ ਨਹੀਂ ਮੰਨਿਆ ਜਾ ਸਕਦਾ ਕਿ ਪੰਜਾਬੀ ਭਾਰੇ ਮਾਸਾਹਾਰੀ ਹੋਣ। ਪੰਜਾਬੀਆਂ ਦੇ ਘਰਾਂ ਵਿਚ ਜ਼ਿਆਦਾ ਦਾਲ ਫੁਲਕਾ ਚਲਦਾ ਹੈ। ਉਹ ਲੋਕ ਜਿਨ੍ਹਾਂ ਨੂੰ ਮੀਟ ਖਾਣ ਤੋਂ ਕੋਈ ਪਰਹੇਜ਼ ਨਹੀਂ ਉਹ ਵੀ ਰੋਜ਼ ਮੀਟ ਨਹੀਂ ਖਾਂਦੇ ਜਿਵੇਂ ਕਈ ਹੋਰ ਸੂਬਿਆਂ 'ਚ ਹੁੰਦਾ ਹੈ ਕਿ ਉਹ ਮੀਟ ਮਛਲੀ ਬਿਨਾਂ ਰਹਿ ਹੀ ਨਹੀਂ ਸਕਦੇ। ਪਰ ਪੰਜਾਬੀਆਂ ਦੀ ਪਛਾਣ ਤਾਂ ਸਦਾ ਹੀ ਸਾਗ ਰੋਟੀ, ਦੁੱਧ ਮਖਣ ਘਿਓ ਨਾਲ ਰਹੀ ਹੈ। ਘਿਓ ਦੀ ਚੂਰੀ ਤਾਂ ਸਾਡੇ ਸਭਿਆਚਾਰ ਅਤੇ ਸਾਹਿਤ ਦਾ ਖਾਸ ਅੰਗ ਹੈ। ਅੰਨ ਦੀ ਉਸਤਤੀ ਤਾਂ ਗੁਰੂ ਗਰੰਥ ਸਾਹਿਬ ਵਿਚ ਵੀ ਹੈ (ਜਪੀਐ ਨਾਮੁ ਜਪੀਐ ਅੰਨੁ)।

ਪਸ਼ੂ ਮਾਰਨ ਦੇ ਤਰੀਕਿਆਂ ਵਿਚ ਸਫਾਈ ਜਾਂ ਦਇਆ ਦੀ ਗਲ ਵਰਤਣੀ ਅਗੇ ਵੀ ਸਾਡੇ ਇਤਿਹਾਸ ਵਿਚ ਚਲਦੀ ਆਈ ਹੈ। ਕਬੀਰ ਜੀ ਨੇ ਤਾਂ ਕਿਹਾ ਹੈ ਕਿ ਤੁਸੀਂ ਝਟਕਾ ਕਰ ਲਵੋ ਜਾਂ ਬਿਸਮਿਲ ਕਰੋ ਦਇਆ ਤਾਂ ਦੋਹਾਂ ਤਰੀਕਿਆਂ ਨਾਲ ਹੀ ਚਲੀ ਜਾਂਦੀ ਹੈ। ਮੁਖ ਗਲ ਤਾਂ ਹੈ ਦਇਆ ਜੋ ਅਸਲ ਵਿਚ ਧਰਮ ਦਾ ਮੂਲ ਹੈ।

ਗਹੁ ਨਾਲ ਵੇਖੋ ਤਾਂ ਇਹ ਸਾਰਾ ਪਾਪ ਪੈਸੇ ਕਮਾਉਣ ਲਈ ਖਾਸ ਕਰਕੇ ਵਦੇਸ਼ੀ ਧਨ ਕਮਾਉਣ ਵਾਸਤੇ ਕੀਤਾ ਜਾ ਰਿਹਾ ਹੈ। ਜਾਪਦਾ ਹੈ ਸਰਕਾਰ ਅਗੇ ਵੀ ਇਹ ਹੀ ਮਨਸ਼ਾ ਹੈ ਕਿ ਵੱਧ ਤੋਂ ਵੱਧ ਖਟੀ ਕੀਤੀ ਜਾਵੇ। ਤਰੀਕਾ ਭਾਵੇਂ ਕੋਈ ਵੀ ਹੋਵੇ। ਗੁਰੂ ਬਾਬੇ ਨਾਨਕ ਨੇ ਤਾਂ ਕਿਹਾ ਹੈ ਕਿ ਪਾਪਾਂ ਬਾਝੋਂ ਇਹ ਮਾਇਆ ਇਕੱਠੀ ਨਹੀਂ ਹੁੰਦੀ। ਸੋ ਜਿਨੀ ਮਾਇਆ ਚਾਹੀਦੀ ਹੈ ਉਹਨਾਂ ਵੱਡਾ ਪਾਪ ਕਰਨ ਤੋਂ ਮਨੁਖ ਗੁਰੇਜ਼ ਨਹੀਂ ਕਰਦਾ। ਸਰਕਾਰ ਨੇ ਕਮਾਈ ਦਾ ਬਹੁਤ ਸੌਖਾ ਰਾਹ ਲਭਿਆ ਹੈ। ਅਗੇ ਵੀ ਸਦਾ ਹਕੂਮਤਾਂ ਇਵੇਂ ਕਰਦੀਆਂ ਹਨ। ਪਰ ਲੋਕਾਂ ਦੀ ਅਪਣੀ ਹਕੂਮਤ ਨੂੰ ਇਹ ਨਹੀਂ ਸੋਭਦਾ। ਜੇ ਅਸੀਂ ਬੱਚਿਆਂ ਨੂੰ ਸੰਸਕਾਰ ਹਿੰਸਾ ਦੇ ਦਿਆਂਗੇ, ਲੋਭ ਅਤੇ ਮਾਇਆ ਇਕਠੀ (ਹਰ ਜਾਇਜ਼ ਨਜਾਇਜ਼ ਢੰਗ ਨਾਲ) ਕਰਨ ਦੇ ਦਿਆਂਗੇ, ਨਫਰਤ ਦੇ ਦਿਆਂਗੇ। ਨੌਕਰੀਆਂ ਦਾ ਆਧਾਰ ਹੀ ਹਿੰਸਾ ਹੋਵੇਗੀ। ਬੀਜ ਹੀ ਹਿੰਸਾ ਕਤਲ ਤੇ ਖੂਨ ਦਾ ਹੋਵੇਗਾ ਤਾਂ ਪਿਆਰ ਮੁਹੱਬਤ, ਅਹਿੰਸਾ ਅਤੇ ਤਿਆਗ ਦੀ ਫਸਲ ਕਿਥੋਂ ਲਵਾਂਗੇ।

ਸਰਕਾਰ ਹਿੱਕ ਦੇ ਜ਼ੋਰ ਨਾਲ ਸ਼ਾਇਦ ਇਹ ਕਾਰਖਾਨਾ-ਬੁਚੜਖਾਨਾ ਲਗਾ ਲਵੇਗੀ, ਚਲਾ ਲਵੇਗੀ। ਇਹੋ ਜਿਹੇ ਅਨੇਕਾਂ ਹੋਰ ਕੰਮ ਵੀ ਕਰ ਲਵੇਗੀ ਪਰ ਇਹਦੇ ਨਾਲ ਖੁਸ਼ਹਾਲੀ ਦੇ ਬੀਜ ਨਹੀਂ ਬੀਜੇਗੀ। ਦੁਖ ਕਲੇਸ਼ ਅਤੇ ਅਹਿੰਸਾ ਦੇ ਰੁਖ ਨੂੰ ਹੀ ਪਾਣੀ ਦੇਵੇਗੀ।

# ਕਲਾਕਾਰਾਂ ਦੀ ਕੌਮ

ਨਾਮਧਾਰੀ ਸਮਾਜ ਦੀ ਹਰ ਖੇਤਰ ਵਿਚ ਵਿਲੱਖਣਤਾ ਹੈ। ਇਹ ਵਿਲੱਖਣਤਾ ਇਸ ਦੀ ਘਟ ਗਿਣਤੀ ਨੂੰ ਵੀ ਚਮਕਾ ਕੇ ਪੇਸ਼ ਕਰਦੀ ਹੈ। ਨਾਮਧਾਰੀ ਹੋਲਿਆਂ ਦੀਆਂ ਅਸਾਂ ਅਣ-ਗਿਣਤ ਰਿਪੋਰਟਾਂ ਵਰਿਆਮ ਦੇ ਕਾਲਮਾਂ ਵਿਚ ਛਾਪੀਆਂ ਹਨ। ਸ੍ਰੀ ਭੈਣੀ ਸਾਹਿਬ ਵਿਚ ਇਸ ਵਾਰ ਵੀ ਹੋਲਾ ਸੱਜ ਧੱਜ ਤੇ ਸ਼ਰਧਾ ਨਾਲ ਹੋਇਆ। ਅਖਬਾਰਾਂ ਵਿਚੋਂ ਪਾਠਕਾਂ ਪੜ੍ਹ ਲਿਆ ਹੋਵੇਗਾ। ਪਰ ਇਸ ਹੋਲੇ ਤੇ ਇਕ ਗਲ ਅਸਲੋਂ ਹੀ ਵਿਲੱਖਣ ਸੀ। ਇਹ ਸਾਧਾਰਨ ਨਹੀਂ ਸੀ। ਇਹ ਸੀ ਇਕ ਤਾਂ ਮੇਲੇ ਦਾ ਨਿਰੋਲ ਅਧਿਆਤਮਕ ਰੰਗ। ਸਿਮਰਨ ਅਤੇ ਕੀਰਤਨ ਬਗੈਰ ਹੋਰ ਕੋਈ ਗਲ ਨਾ ਕਰਨੀ। ਇਕ ਗਲ ਹੋਰ ਜਿਹੜੀ ਨਜ਼ਰੀਂ ਪਈ ਉਹ ਸੀ ਸਾਰੇ ਦਿਨ ਹੀ ਛੋਟੇ ਛੋਟੇ ਬਚਿਆਂ ਵਲੋਂ, ਹਰ ਰੰਗ ਹਰ ਸ਼ੈਲੀ ਦਾ ਕੀਰਤਨ। ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚੇ ਜਾਂ ਭੈਣੀ ਸਾਹਿਬ ਡੇਰੇ ਦੇ ਬੱਚਿਆ



Sri Satguru Jagjit Singh Ji eLibrary NamdhariElibrary@gmail.com

ਦੇ ਹਰ ਉਮਰ ਦੇ ਜਥਿਆਂ ਦੇ ਜੱਥੇ ਸਨ ਜੋ ਆਸਾ ਦੀ ਵਾਰ ਦਾ ਕੀਰਤਨ ਵੀ ਕਰਦੇ ਬਾਅਦ ਦੁਪਹਿਰ ਦਾ ਹਜ਼ੂਰੀ ਕੀਰਤਨ ਵੀ ਕਰਦੇ ਅਤੇ ਰਾਤ ਨੂੰ ਖੁਲ੍ਹੇ ਪੰਡਾਲ ਵਿਚ ਹੱਲੇ ਦੇ ਦੀਵਾਨ ਵੀ ਲਾਉਂਦੇ ।

ਬੱਚੇ ਕੀਰਤਨ ਅੱਗੇ ਵੀ ਕਰਦੇ ਹਨ । ਫੇਰ ਵਿਲੱਖਣ ਗੱਲ ਕੀ ਹੋਈ ? ਵਿਲੱਖਣ ਗੱਲ ਇਹ ਕਿ ਹੁਣ ਪਹਿਲੇ ਕੀਰਤਨ ਨਾਲੋਂ ਖਾਸ ਫਰਕ ਸੀ । ਆਸਾ ਦੀ ਵਾਰ ਦੇ ਚੌਵੀ ਸਲੋਕ ਤੇ ਪਉੜੀਆਂ, ਉਹਨਾਂ ਨਾਲ ਚੌਵੀ ਛੱਕੇ ਅਤੇ ਕਈ ਸ਼ਬਦ ਗਾਉਣੇ ਤਾਂ ਇਕ ਪਾਸੇ ਰਿਹਾ ਕੰਠ ਕਰਨੇ, ਜ਼ਬਾਨੀ ਯਾਦ ਕਰਨੇ ਹੀ ਪੂਰੀ ਉਮਰ ਦੀ ਮੰਗ ਕਰਦੇ ਹਨ । ਫੇਰ ਨਾਮਧਾਰੀ ਢੰਗ, ਪੁਰਾਤਨ ਗੁਰਮਤਿ ਕੀਰਤਨ ਦਾ ਜ਼ੋਰਦਾਰ ਟਕਸਾਲੀ ਢੰਗ, ਪੁਰਾਤਨ ਸ਼ੈਲੀ ਦੀਆਂ ਰੀਤਾਂ ਹਿਰਦੇ ਵਿਚ ਵਸਾਉਣੀਆਂ ਤੇ ਗਾ ਕੇ ਤਾਲ ਦੀ ਸਹਾਇਤਾ ਨਾਲ ਪੂਰਨ ਸੁਰਾਂ ਵਿਚ ਪੇਸ਼ ਕਰਨੀਆਂ ਬਹੁਤ ਹੀ ਪ੍ਰੌਢ ਗੰਧਰਬ ਕੀਰਤਨ-ਕਾਰਾਂ ਦਾ ਕੰਮ ਹੈ । ਸਾਨੂੰ ਸੰਗੀਤ ਨਾਲ ਜਿੰਨਾ ਕੁ ਲਗਾਵ ਹੈ ਉਸ ਦੀ ਬਿਨਾ ਤੇ ਪਤਾ ਹੈ ਕਿ ਇਕ ਰਾਗ ਦੀਆਂ ਸਰਗਮਾਂ ਘੋਟਦਿਆਂ ਉਮਰ ਲੰਘ ਜਾਂਦੀ ਹੈ । ਇਹਨਾਂ ਬੱਚਿਆਂ ਵਿਚ ਛੋਟੀ ਉਮਰ ਦੇ ਤੋਤਲੀ ਜ਼ਬਾਨ ਵਾਲੇ ਬੱਚੇ ਵੀ ਸਨ ਤੇ ਵੱਡੇ ਵੀ । ਇਹਨਾਂ ਦਾ ਕੀਰਤਨ ਅੰਦਾਜ਼, ਪੁਖਤਗੀ ਅਤੇ ਨਿਭਾ ਵੇਖ ਕੇ ਯਕੀਨ ਨਹੀਂ ਸੀ ਆ ਰਿਹਾ ਕਿ ਸਾਹਮਣੇ ਬੈਠੇ ਮਾਸੂਮ ਬੱਚੇ ਬੱਚੀਆਂ ਹੀ ਗਾ ਰਹੀਆਂ ਹਨ । ਜੇ ਤਬਲੇ ਦੀਆਂ ਪਰਨਾਂ ਸੁਣੋ ਤਾ ਉਹ ਸਿੱਕੇਬੰਦ । ਦੋ ਢੋਲਕਾਂ ਦਾ ਮੇਲ ਕਮਾਲ ਦਾ । ਸਾਰਾ ਕੁਝ ਵੇਖ ਕੇ ਇਕ ਮੋਅਜਜ਼ਾ ਇਕ ਕਰਾਮਾਤ ਇਕ ਚਮਤਕਾਰ ਲਗਦਾ ਸੀ ।

ਏਡੀ ਜ਼ਬਰਦਸਤ ਪ੍ਰਾਪਤੀ ਦਾ ਸਾਧਨ ਕੀ ਸੀ । ਰਾਜ਼ ਕੀ ਸੀ ਉਹ ਵੀ ਪਤਾ ਲਾਇਆ । ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਦੇ ਬੱਚਿਆਂ ਨੂੰ ਵਿਸ਼ੇਸ਼ ਤੌਰ ਤੇ ਸੰਗੀਤ ਅਤੇ ਕੀਰਤਨ ਸਿਖਾਇਆ ਹੀ ਜਾਂਦਾ ਹੈ । ਸੰਗੀਤ-ਗੁਰੂ ਬਹੁਤ ਮਿਹਨਤ ਕਰਦੇ ਹਨ, ਪਰ ਚਮਤਕਾਰੀ ਛੋਹ ਦਾ ਹੋਰ ਕਾਰਨ ਸੀ ।

ਅੱਧੀ ਰਾਤ ਨੂੰ ਇਕ ਵਜੇ ਜਦੋਂ ਸਾਰਾ ਜਹਾਨ ਸੁੱਤਾ ਪਿਆ ਹੁੰਦਾ ਹੈ, ਇਹ ਬੱਚੇ ਤੇ ਨਾਮਧਾਰੀ ਕਲਾ ਕੇਂਦਰ ਸ੍ਰੀ ਭੈਣੀ ਸਾਹਿਬ ਦੇ ਸਾਰੇ ਸੰਗੀਤ ਵਿਦਿਆਰਥੀ ਆਪਣੇ ਸਾਜ਼ਾਂ ਨਾਲ ਸਤਰਕ ਹੋ ਕੇ ਵਖ ਵਖ ਕਮਰਿਆਂ ਵਿਚ ਬੈਠੇ ਹੁੰਦੇ ਹਨ । ਉਦੋਂ ਪਰਕਾਸ਼ ਹੁੰਦਾ ਹੈ ।

ਜਿਹਨਾਂ ਦੇ ਦਰਸ਼ਨਾਂ ਨੂੰ ਲੋਕ ਉਮਰਾਂ ਭਰ ਤਰਸਦੇ ਹਨ ਉਹ ਸਤਿਗੁਰੂ ਜਗਜੀਤ ਸਿੰਘ ਆ ਕੇ ਇਹਨਾਂ ਬਚਿਆਂ ਨੂੰ ਸੰਗੀਤ ਦੀ ਤਾਲੀਮ ਖੁਦ ਦਿੰਦੇ ਹਨ । ਸਾਧ ਸੰਗਤ ਦੇ ਰੋਜ਼ ਦੇ ਪੀਚਵੇਂ ਪ੍ਰੋਗਰਾਮਾਂ ਵਿਚੋਂ ਇਹ ਸਮਾਂ ਉਹ ਇਹਨਾਂ ਲਈ ਜ਼ਰੂਰ ਕਢਦੇ ਹਨ । ਇਹਨਾਂ ਬਚਿਆਂ ਦੀ ਪ੍ਰਤਿਭਾ ਪਿਛੇ ਸੂਰਜੀ ਸ਼ਕਤੀ ਦਾ ਰਾਜ਼ ਸਤਿਗੁਰੂ ਜਗਜੀਤ ਸਿੰਘ ਜੀ ਦੀ ਕਰਾਮਾਤੀ ਛੋਹ ਹੈ। ਹਰ ਇਕ ਵਿਦਿਆਰਥੀ ਨਾਲ ਉਹਨਾਂ ਦਾ ਸਿਧਾ ਸੰਪਰਕ ਹੈ । ਉਹਨਾਂ ਦੀਆਂ ਕਮਜ਼ੋਰੀਆਂ ਤੇ ਜ਼ੋਰਾਂ ਨੂੰ ਉਹ ਜਾਣਦੇ ਹਨ । ਏਨੀ ਮਮਤਾ ਜਿੰਨੀ ਮਾਂ ਵੀ ਨਹੀਂ ਦੇ ਸਕਦੀ ਉਹ ਬਚਿਆਂ ਨੂੰ ਸਤਿਗੁਰਾਂ ਕੋਲੋਂ ਮਿਲਦੀ ਹੈ । ਇਹ ਗਲਾਂ ਸੁਣ ਕੇ ਮਨ ਪਿਘਲ ਗਿਆ । ਕੌਣ ਹੈ ਜੋ ਅਪਣੇ ਬਚਿਆਂ ਦੇ ਭਵਿਖ ਵਾਸਤੇ ਏਨੀ ਸਖਤ ਘਾਲਣਾ ਘਾਲਦਾ ਹੋਵੇ । ਇਹ ਕੰਮ ਸਕੂਲਾਂ ਅਕੈਡਮੀਆਂ ਦੇ ਵਸ ਦਾ ਨਹੀਂ । ਸਤਿਗੁਰੂ ਜਗਜੀਤ ਸਿੰਘ ਨੇ ਕਲਾਕਾਰਾਂ ਦੀ ਇਕ 'ਕੌਮ' ਤਿਆਰ ਕਰ ਦਿਤੀ ਹੈ । ਇਹ ਕਾਰਜ ਸੌਖਾ ਨਹੀਂ । ਸਤਿਗੁਰੂ ਜਗਜੀਤ ਸਿੰਘ ਜੀ ਦੀ ਕਿਰਪਾ ਅਤੇ ਕਲਾ ਪ੍ਰਭੁਤਾ ਦੇ ਜ਼ੋਰ ਤੇ ਕਈ ਕਲਾਕਾਰ ਏਡੀ ਵੱਡੀ ਉਤਾਰੀ ਲਾਉਂਦੇ ਹਨ ਕਿ ਉਹ ਅਪਣੀ ਸਮਾਜ ਧਰਤੀ ਦੀ ਖਿੱਚ ਨੂੰ ਪਾਰ ਕਰਕੇ ਵਖਰੇ ਪੁਲਾੜ ਵਿਚ ਵਿਚਰਨ ਲਗ ਪੈਂਦੇ ਹਨ ਪਰ ਸਤਿਗੁਰ ਸਾਹਿਬ ਹੋਰ ਪੌਦ ਤਿਆਰ ਕਰ ਲੈਂਦੇ ਹਨ ।

ਅਤੇ ਇਓਂ ਉਹ ਜਲੰਦੇ ਜਗਤ ਨੂੰ ਠਾਰਦੇ ਰਹਿੰਦੇ ਹਨ । ਆਪਣੇ ਹੀ ਢੰਗ ਨਾਲ ।

# ਇਸਤਰੀ ਜ਼ਾਤ ਤੇ ਉਪਕਾਰ

ਪੰਜਾਬੀ ਅਸੰਬਲੀ ਦੀਆਂ ਸਾਰੀਆਂ ਰਾਜਸੀ ਪਾਰਟੀਆਂ ਇਸ ਗਲੋਂ ਵਧਾਈ ਦੀਆਂ ਪਾਤਰ ਹਨ ਕਿ ਉਹਨਾਂ ਨੇ ਸਰਬ ਸੰਮਤੀ ਨਾਲ ਇਕ ਬਿਲ ਪਾਸ ਕੀਤਾ ਹੈ ਜਿਸ ਦਾ ਮੰਤਵ ਭਰੂਣ ਟੈਸਟ ਦੇ ਬਹਾਨੇ ਗਰਭ ਅੰਦਰ ਹੀ ਲੜਕੀਆਂ ਨੂੰ ਮਾਰਨ ਦੀ ਪ੍ਰਵਿਰਤੀ ਤੇ ਰੋਕ ਲਾਉਣਾ ਹੈ । ੨੪ ਜੂਨ ੧੯੯੩ ਨੂੰ ਮਲੇਰ ਕੋਟਲੇ ਸ਼ਹੀਦੀ ਅਸਥਾਨ ਦੇ ਨੀਂਹ ਪਥਰ ਰਖਣ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਪ੍ਰੇਰਨਾ ਨਾਲ ਨਾਮਧਾਰੀ ਦਰਬਾਰ ਨੇ ਇਕ ਮਤਾ ਇਸ ਮੰਤਵ ਲਈ ਪਾਸ ਕੀਤਾ ਸੀ ਅਤੇ ਪੰਜਾਬ ਦੇ ਮੁੱਖ ਮੰਤਰੀ ਸ: ਬੇਅੰਤ ਸਿੰਘ ਨੇ ਇਸ ਬਿਲ ਨੂੰ ਪਾਸ ਕਰਾਉਣ ਦੀ ਹਾਮੀ ਭਰੀ ਸੀ । ਉਹ ਕਾਰਜ ਉਹਨਾਂ ਕਰ ਦਿਤਾ ਹੈ । ਇਸ ਕਾਰਜ ਲਈ ਮੁਖ ਮੰਤਰੀ ਵਧਾਈ ਦੇ ਪਾਤਰ ਹਨ । ਸਤਿਗੁਰੂ ਜਗਜੀਤ ਸਿੰਘ ਜੀ ਨੇ ਜੋ ਉਚੇਚੀ ਦਿਲਚਸਪੀ ਇਸ ਕਾਰਜ ਵਾਸਤੇ ਲਈ ਹੈ ਇਹ ਇਸਤਰੀ ਜ਼ਾਤ ਤੇ ਇਕ ਹੋਰ ਉਪਕਾਰ ਹੈ ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

https://archive.org/details/namdhari

# ਜੋਗੁ ਬਨਿਆ ਤੇਰਾ ਕੀਰਤਨੁ ਗਾਈ

—ਗੁਰੂਬਚਨ ਸਿੰਘ ਨਾਮਧਾਰੀ

ਜੋਗ ਦਾ ਅਰਥ ਹੈ, ਜੋੜ। ਜੀਵ ਅਤੇ ਸ਼ੀਵ, ਆਤਮਾ-ਪਰਮਾਤਮਾ, ਪੁਰਖ ਅਤੇ ਪ੍ਰਕਿਰਤੀ ਦੇ ਜੋੜ (ਮਿਲਨ) ਦਾ ਨਾਂ ਹੈ, ਜੋਗ। ਜੀਵਾਤਮਾ, ਪਰਮਾਤਮਾ ਤੋਂ ਵਿਛੜੀ ਹੋਈ ਹੈ। ਜਨਮ ਦਰ ਜਨਮ ਆਤਮਾ ਨੂੰ ਆਪਣੇ ਮੂਲ ਰੂਪ, ਪਰਮਾਤਮਾ ਦੀ ਪਿਆਸ ਹੈ। ਇਹ ਪਿਆਸ ਆਪਣੇ ਸਵਰੂਪ ਦੀ ਖੋਜ ਵਿਚ ਜਿਸ ਰਾਹ ਤੇ ਚਲੀ, ਉਹ ਯੋਗ ਦਾ ਮਾਰਗ ਹੈ।

"ਕਿਰਤਿ ਕਰਮ ਕੇ ਵੀਛੁੜੇ
ਕਰਿ ਕਿਰਪਾ ਮੇਲਹੁ ਰਾਮ"

'ਬਾਰਹ ਮਾਹ' ਦੀਆਂ ਇਹ ਪੰਕਤੀਆਂ, ਪੰਜਵੇਂ ਪਾਤਸ਼ਾਹ ਦੀ ਪ੍ਰਬਲ ਪਿਆਸ ਦੀਆਂ ਪ੍ਰਤੀਕ ਹਨ। ਜਿਵੇਂ ਬੂੰਦ ਤਰਸਦੀ ਹੋਵੇ, ਸਾਗਰ ਹੋ ਜਾਣ ਲਈ, ਤਿਵੇਂ ਹੀ ਤੜਪ ਹੈ ਇਸ ਬਾਣੀ ਵਿੱਚ। ਵਿਆਕੁਲਤਾ ਦੀ ਝਲਕ ਹੈ, ਵਿਯੋਗ ਦਾ ਅਹਿਸਾਸ ਹੈ, ਮਿਲਣ ਦੀ ਪ੍ਰਬਲ ਅਭਿਲਾਸ਼ਾ ਹੈ, ਸੰਤਾਂ, ਮਹਾਂਪੁਰਸ਼ਾਂ ਦੇ ਮਨ-ਵਿਚ।

ਜਨਮ-ਜਨਮ ਦੀ ਜੋਵਤੀ, ਬਾਟ ਤੁਮਾਰੀ ਰਾਮ
ਜੀਵ ਤਰਸੇ ਸ਼ੀਵ ਮਿਲਣ ਕੋ, ਮਨ ਨਾ ਹੀਂ ਵਿਸਰਾਮ

ਆਤਮਾ ਦੀ ਗਹਿਰਾਈ ਤੋਂ ਉਠੀ ਹੋਈ ਇਹ 'ਹੂਕ' ਪ੍ਰਤੀਕ ਹੈ, ਕਬੀਰ ਦੀ ਤਾਂਘ ਦੀ ਜੀਵਾਤਮਾ ਦੇ ਪਰਮਾਤਮਾ ਨਾਲ ਮਿਲਨ ਦੇ ਸੰਪੂਰਨ ਕ੍ਰਿਤਯ ਦਾ ਨਾਂ ਹੀ ਮਨੀਸ਼ਿਆਂ ਨੇ 'ਜੋਗ' ਰਖਿਆ।

ਜੋਗ ਦਾ ਅਰਥ ਹੈ, ਮਾਇਆ ਤੋਂ ਪੂਰਨ ਵਿਯੋਗ।

ਜੋਗ ਦਾ ਅਰਥ ਹੈ-ਲੋਕ-ਪਰਲੋਕ ਪ੍ਰਤੀ ਕਾਮਨਾ ਦੀ ਦੌੜ ਨੂੰ ਬਿਸ੍ਰਾਮ ਦੇ ਦੇਨਾ।

ਮਾਈ ਮਨੁ ਮੇਰੋ ਬਸਿ ਨਾਹਿ ॥
ਨਿਸਿ ਬਾਸੁਰ ਬਿਖਿਅਨ ਕਉ ਧਾਵਤੁ,
ਕਿਹ ਬਿਧਿ ਰੋਕਉ ਤਾਹਿ ॥

ਨੌਵੇਂ ਪਾਤਸ਼ਾਹ ਦੀਆਂ ਉਪਰੋਕਤ ਤੁਕਾਂ ਸਮਰਪਿਤ ਹਨ "ਜੋਗ" ਨੂੰ। ਮਨ ਜੁੜਿਆ ਹੈ ਸੰਸਾਰ ਨਾਲ, ਆਤਮਾ ਜੁੜਨਾ ਚਾਹੁੰਦੀ ਹੈ, 'ਕਰਤਾਰ' ਨਾਲ। ਮਨ ਦਾ ਗਣਿਤ ਬਹੁਤ ਜਟਿਲ। ਅਗਰ ਜੀਵ ਮਨ ਦੇ ਵਸ ਹੈ, ਤਾਂ ਗੁਰੂ ਦੇ ਚਰਨਾਂ ਵਿਚ ਬੈਠ ਕੇ ਵੀ ਮਾਇਆ ਦੀ ਹੀ ਮੰਗ ਰਹੇਗੀ। ਜੇ ਮਨ ਨੂੰ ਵਸ ਕਰ ਲਿਆ ਤਾਂ ਸਮਝੋ, ਆਪਣੇ ਅਤੇ 'ਮਾਹੀ' ਦੇ ਵਿਚੋਂ ਪਰਦਾ ਉਠ ਗਿਆ, ਮਿਲਣ ਹੋ ਗਿਆ, 'ਜੋਗ' ਹੋ ਗਿਆ। 'ਤੁਮ ਸਿਉ ਜੋਰਿ' ਦਾ ਸਹੀ ਅਰਥ ਹੈ, 'ਅਵਰ ਸੰਗਿ ਤੋਰੀ'। ਭਗਤ ਰਵਿਦਾਸ ਦਾ ਇਹ ਸੂਤਰ ਜੇ ਪਕੜ ਵਿਚ ਆ ਗਿਆ, ਸਮਝੋ ਜੋਗ ਹੋ ਗਿਆ। ਚੰਚਲ ਮਨ ਦੀ ਦੌੜ ਨੂੰ ਦੇਖ ਲੈਣ ਦਾ ਅਰਥ ਹੈ, ਆਪ ਨਿਹਚਲ ਹੋ ਗਿਆ। ਮਾਇਆ ਦੀ ਮੰਗ ਦੇ ਮਨ ਦੇ ਗਣਿਤ ਨੂੰ ਸਮਝ ਲੈਣ ਦਾ ਭਾਵ ਹੈ, ਮੰਗਾਂ ਤੋਂ ਰਹਿਤ ਹੋ ਜਾਨਾ।

ਭਗਵਾਨ ਕ੍ਰਿਸ਼ਨ ਗੀਤਾ ਵਿਚ ਅਰਜਨ ਨੂੰ ਉਪਦੇਸ਼ ਦੇਂਦੇ ਹਨ—

'ਯੋਗਸਥਹ ਕੁਰੂ ਕਰਮਾਨੀ,
ਸੰਗਮ ਤਿਅਕਤਵਾ ਧਨੰਜਯ
ਸਿਧਅ-ਅਸਿਧਅ ਸਮੰ ਭੂਤਵਾ,
ਸਮੰਤਵੰ ਯੋਗ ਉਚ੍ਯਤੇ।'

ਅਰਥਾਤ ਹੇ ਅਰਜਨ, ਤੂੰ ਯੋਗ ਵਿੱਚ ਸਥਿਤ ਹੋ ਕੇ ਕਰਮ ਕਰ। ਕਿਸੇ ਕਰਮ ਨਾਲ ਆਪਣਾ "ਸੰਗ" ਨਾ ਬਣਾ। ਨਿਸ਼ਕਾਮ ਕਰਮ ਕਰ। ਕਾਰਜ ਦੀ ਸਫਲਤਾ ਜਾਂ ਅਸਫਲਤਾ ਦੋਨੋ ਸਮ ਕਰ ਜਾਣ। 'ਸਮਤਾ' ਦਾ ਭਾਵ ਹੀ ਜੋਗ ਹੈ। ਸਮਤਾ ਦਾ ਅਰਥ ਹੈ, ਉਸ ਕਰਮ ਦੇ ਪ੍ਰਤੀਫਲ ਤੋਂ ਅਨਾਸ਼ਕਤ ਹੋ ਗਿਆ। 'ਮੈਂ' ਕਰ ਰਿਹਾ ਹਾਂ, ਇਹ ਭਾਵ ਚੁਕ ਗਿਆ, 'ਤੂੰ ਕਰਤਾ ਕਰਨਾ ਮੈਂ ਨਾਹੀਂ' ਦਾ ਭਾਵ ਆ ਗਿਆ।

ਕਬੀਰ ਦੇ ਸ਼ਬਦਾਂ ਵਿਚ-'ਅਨਕੀਏ ਸਬ ਹੋਇ।'

ਕ੍ਰਾਈਸਟ ਨੇ ਕਿਹਾ ਸੀ 'LET THY WILL BE DONE, NOT MINE' ਮੈਂ ਕਰਤਾ ਨਹੀਂ ਨਮਿਤ ਬਣ ਗਿਆ, ਰਾਮ ਔਰ ਕਬੀਰ ਇਕ ਹੋ ਗਏ। ਬੂੰਦ ਸਾਗਰ ਨਾਲ ਮਿਲ ਕੇ ਅਥਾਹ ਸਾਗਰ ਹੋ ਗਈ। ਸੁੱਖ ਦੀ ਸ਼ਾਨ ਨਾ ਰਹੀ, ਦੁਖ ਦਾ ਦਰਦ ਨਾ ਰਿਹਾ, ਆਪਣੇ ਪਰਾਏ ਦਾ ਬੋਧ ਨਾ ਰਿਹਾ, ਸਵਰਨ-ਔਰ-ਮਿੱਟੀ ਵਿਚ ਭੇਦ ਨਾ ਰਿਹਾ। ਨਾ ਲੋਕ ਦੀ ਚਿੰਤਾ, ਰਹੀਂ ਨਾ ਪਰਲੋਕ ਦਾ ਲੋਭ, ਨਾ ਨਰਕ ਦਾ ਭੈ ਰਿਹਾ ਨਾ ਸਵਰਗ ਦੀ ਕਾਮਨਾ। ਏਸ "ਸਮਤਾ ਦਾ ਅਭਿਆਰਥੀ ਹੀ ਗੁਰੂ ਨਾਨਕ ਦੀ ਨਜ਼ਰ ਵਿੱਚ ਜੋਗੀ ਹੈ—



Sri Satguru Jagjit Singh Ji eLibrary NamdhariElibrary@gmail.com

'ਏਕ ਦ੍ਰਿਸਟਿ ਕਰਿ ਸਮਸਰਿ ਜਾਣੈ,

ਜੋਗੀ ਕਹੀਐ ਸੋਈ।''

ਸਵਾਮੀ ਰਾਮ ਕ੍ਰਿਸ਼ਨ ਕੈਂਸਰ ਤੋਂ ਪੀੜਤ ਸਨ। ਭਗਤਾਂ, ਜਗਿਆਸੂਆਂ ਦੇ ਵਿੱਚ, ਬੈਠੇ, ਬ੍ਰਹਮ-ਵਿਚਾਰ ਲੀਨ ਹੁੰਦੇ, ਈਸ਼ਵਰ ਦੀ ਪ੍ਰੀਤ, ਗੀਤ ਬਣ ਕੇ ਅਮ੍ਰਿਤ ਵਰਖਾ ਕਰ ਰਹੇ ਹੁੰਦੇ, ਅਚਾਨਕ-ਦਰਦ ਦਾ ਝੋਕਾ ਉਠਦਾ, ਸਵਾਮੀ ਪੀੜਾਂ ਨਾਲ ਕਰਾਹ ਉਠਦੇ। ਚਿੰਤਤ ਹੋ ਕੇ ਸੇਵਕ ਜਨ ਅਰਜ ਕਰਦੇ—'ਸਵਾਮੀ ਜੀ। ਆਪਕਾ ਤੋਂ ਪ੍ਰਤੀ ਦਿਨ ਸਾਖਿਆਤਕਾਰ ਹੋਤਾ ਹੈ ਪਰਮਾਤਮਾ ਸੇ। ਕਿਉਂ ਨਹੀਂ ਪ੍ਰਾਰਥਨਾ ਕਰਤੇ ਇਸ ਅਸਾਧਿਆ ਰੋਗ ਨਵਿਰਤੀ ਕੇ ਲਿਏ। ਸਵਾਮੀ ਰਾਮ ਕ੍ਰਿਸ਼ਨ ਹਮੇਸ਼ਾਂ ਦੀ ਤਰ੍ਹਾਂ ਮੁਸਕਰਾ ਕੇ ਕਹਿੰਦੇ, 'ਠੀਕ ਹੈ, ਆਜ ਆਵਸ਼ਯ ਯਾਦ ਰਖੂੰਗਾ। ਦੂਸਰੇ ਹੀ ਦਿਨ ਫੇਰ ਦਰਦ ਦਾ ਦੌਰ ਉਠਦਾ, ਸਵਾਮੀ ਅਸਹਿ ਪੀੜਾ ਮਹਿਸੂਸ ਕਰਦੇ। ਸੇਵਕ ਕਹਿੰਦੇ-'ਸਵਾਮੀ, ਰਾਤ ਆਪਣੇ ਪ੍ਰਾਰਥਨਾ ਨਹੀਂ ਕੀ? 'ਜੋਗ' ਦਾ ਸਹੀ ਹਕਦਾਰ, ਬ੍ਰਹਮ ਔਰ ਜੀਵ ਦੇ ਭੇਦ ਤੋਂ ਰਹਿਤ ਹੋ ਚੁਕੇ ਸਵਾਮੀ ਰਾਮ ਕ੍ਰਿਸ਼ਨ ਦੇ ਨਿਰ-ਵਿਕਾਰ ਚੇਹਰੇ ਤੇ ਭੋਲੀ ਮੁਸਕਾਨ ਖੇਡ ਉਠਦੀ, ਤੇ ਕਹਿੰਦੇ-ਮੈਂ ਕਿਆ ਕਰੂੰ? ਜਿਸ ਸਮੇਂ 'ਪ੍ਰਭੂ' ਸੇ ਮਿਲਣ ਹੋਤਾ ਹੈ, ਉਸ ਸਮੇਂ 'ਮੈਂ' ਰਹਿ ਹੀ ਨਹੀਂ ਜਾਤਾ। ਨ ਯਹ ਸ਼ਰੀਰ ਹੋਤਾ ਹੈ ਨਾ ਸ਼ਰੀਰ ਕੀ ਪੀੜਾ। ਉਸ ਸਮੇਂ ਤੋਂ ਕੇਵਲ 'ਬ੍ਰਹਮ' ਹੋਤੇ ਹੈ ਔਰ ਮੈਂ ਉਨਮੇ ਹੀ ਸਮਾਂ ਜਾਣੇ ਕੋ ਵਿਆਕੁਲ ਇਕ ਬ੍ਰਹਮ-ਅੰਸ਼।

ਏਹ ਅਵਸਥਾ ਹੈ, ਜੋਗ ਦੀ। ਭਗਤੀ ਦਾ ਇਕ ਮਾਤਰ-ਉਦੇਸ਼, ਗਿਆਨ ਦਾ ਇਕ ਮਾਤਰ ਸਾਰ। ਗੁਰੂ ਨਾਨਕ ਕਹਿੰਦੇ ਹਨ—'ਜੋਗ' ਬਾਹਰ ਦਾ ਵਖਾਵਾ ਨਹੀਂ, ਅੰਦਰ ਦੀਆਂ ਜੜ੍ਹਾਂ ਨਾਲ ਤਾਦਾਤਮ ਹੋ ਜਾਣ ਦੀ ਕਲਾ ਹੈ। ਸਿਧੀ ਪ੍ਰਾਪਤੀ ਲਈ ਮਨ ਦੇ ਇਸ਼ਾਰੇ ਤੇ ਖਿੰਥਾ (ਗੁਦੜੀ) ਧਾਰਨ ਕਰਨਾ, ਤਨ ਤੇ ਭਸਮ ਮਲਨੀ ਕੰਨ ਵਿਚ ਮੁੰਦੀ ਪਾ ਲੈਣੀ ਜਾਂ ਮੁੰਡ ਮੁੰਡਾਣਾ 'ਜੋਗ' ਦਾ ਮਾਰਗ ਨਹੀਂ।' ਮਨ ਦੀ ਚਾਲ ਨੂੰ ਸਮਝ ਕੇ 'ਅੰਜਨ-ਮਾਹਿ ਨਿਰੰਜਨ' ਰਹਿਣ ਦੀ ਵਿਧੀ ਹੈ 'ਜੋਗ' ਹੈ।

'ਤਨ ਕੋ ਜੋਗ ਸਬ ਕਰੇ, ਮਨ ਕੋ ਬਿਰਲਾ ਕੋਏ, ਸਬ ਸਿਧ ਸਹਜੇ ਪਾਇਐ, ਜੋ-ਮਨ-ਜੋਗੀ ਹੋਏ।'

ਜੋਗ ਤੋਂ ਭਾਵ ਬਸੰਤ ਆ ਗਿਆ—ਅੰਤਮ ਵਿਚ। ਗਰਵ ਦਾ ਗ੍ਰੀਸ਼ਮ ਨਾ ਰਿਹਾ, ਕੁਝ ਖੋਹੇ ਜਾਣ ਦੀ ਸ਼ਰਦ ਨਾ ਰਹੀ। ਇਕ ਸਮਾਨ ਹੋ ਗਿਆ—'ਸਮ-ਸ਼ੀਤ-ਉਸ਼ਨ' ਦੀ ਅਵਸਥਾ। ਜਦੋਂ ਤੱਕ ਐਸਾ ਜੋਗ ਨਹੀਂ, 'ਦੂਈ' ਤੋਂ ਵਿਯੋਗ ਨਹੀਂ ਹੋ ਸਕਦਾ।

ਗੁਰੂ ਅਮਰਦਾਸ ਜੀ ਫਰਮਾਉਂਦੇ ਹਨ—

'ਇਸੁ ਮਨ ਕਉ ਬਸੰਤ ਕੀ ਲਗੈ ਨ ਸੋਇ ॥

ਇਹੁ ਮਨੁ ਜਲਿਆ ਦੂਜੈ ਦੋਇ ॥'

ਮੈਂ ਹੋਰ, ਬ੍ਰਹਮ ਹੋਰ। ਦੋ ਦਾ ਆਭਾਸ। ਦੋ ਤਰ੍ਹਾਂ ਨਾਲ ਸੋਚ ਦੀ ਵਿਧਾ ਅਰਥਾਤ 'ਦੁਬਿਧਾ' ਦਾ ਭਾਵ। ਜੋਗ ਦਾ ਆਵਿਰਭਾਵ ਅਰਥਾਤ ਦੁਵਿਧਾ ਦਾ ਅਭਾਵ ਮਿਲਨ ਹੋ ਗਿਆ, ਦੂਈ ਮਿਟ ਗਈ, ਏਕ ਰਹਿ ਗਿਆ। ਜਿਸਮ ਦੋ ਹੋਣ ਜਾਂ ਦੋ ਕਰੋੜ, ਜਾਨ-ਇਕ ਹੋ ਗਈ। ਮਹਾਸਾਗਰ ਦੀਆਂ ਲਹਿਰਾਂ ਤੇ ਤਰ ਰਹੇ ਕੁੰਭ ਦੀ ਪਰਤ ਗਿਰ ਗਈ। ਕੁੰਭ ਦਾ ਜਲ ਸਾਗਰ ਦੀ ਗਹਿਰਾਈ ਵਿੱਚ ਸਮਾ ਕੇ ਆਪ ਭੀ ਸਾਗਰ ਹੋ ਗਿਆ।

ਮਹਾਂਪੁਰਖਾਂ ਨੇ ਆਪੋ ਆਪਣੇ ਤਰੀਕੇ ਨਾਲ ਇਸ ਅਵਸਥਾ ਨੂੰ ਪ੍ਰਾਪਤ ਕਰਨ ਦੇ ਜਤਨ ਕੀਤੇ। ਸਾਸ਼ਤਰਾਂ ਨੇ ਉਸ ਹਰ ਜਤਨ ਦਾ ਨਾਂ ਦਿਤਾ 'ਭਗਤੀ!' ਮਾਤਾ ਦੇ ਮੰਦਰ ਵਿਚ ਪ੍ਰੇਮ ਨਾਲ ਉਚਾਰਨ ਕੀਤੀਆਂ 'ਭੇਟਾਂ', ਮਾਤੇਸਵਰੀ ਦੇ ਰੂਪ ਵਿਚ 'ਜਗਤੇਸਵਰ' ਨੂੰ ਹੀ ਸਮਰਪਤ ਖਵਾਜਾ ਮੋਈਓ-ਦੀਨ ਚਿਸ਼ਤੀ ਦੀ ਦਰਗਾਹ ਤੇ ਮਸਤੀ ਵਿਚ ਗਾਈ ਜਾ ਰਹੀ ਕਵਾਲੀ ਭੀ ਖੁਦਾ ਦੀ ਇਬਾਦਤ ਤੋਂ ਘਟ ਨਹੀਂ। ਕੂਕਿਆਂ (ਨਾਮਧਾਰੀਆਂ) ਦੀ ਕੂਕ, ਕਿਸੇ ਪ੍ਰਾਚੀਨ ਸ਼ੀਵਾਲਯ ਵਿਚ ਵਜ ਰਹੀਆਂ ਘਟੀਆਂ, ਚਰਚ ਵਿਚ, ਪ੍ਰਭੂ ਈਸਾ ਦੀ ਯਾਦ ਵਿਚ ਜੁੜੇ 'ਪ੍ਰਾਣੀਆ' ਦਾ ਸਮਸਵਰ ਪਤੰਜਲੀ ਦੇ ਯੋਗ ਤੋਂ ਘਟ ਨਹੀਂ ਹੈ। ਆਪੋ ਆਪਣੇ ਤਰੀਕੇ ਨਾਲ ਸਭ ''ਉਸੇ'' ਨਾਲ 'ਜੋਗ' ਹੋਣ ਦੀ ਪ੍ਰਤੀਖਿਆ ਕਰ ਰਹੇ ਹਨ।

ਸਵਾਮੀ ਰਾਮ ਕ੍ਰਿਸ਼ਨ ਨੇ ਰੋ ਕੇ ਜੋੜਿਆ ਹੈ, ਆਪਣੇ ਆਪ ਨੂੰ। ਰਾਣੀ ਰਾਸਮਤੀ ਨੇ ਰਾਮ ਕ੍ਰਿਸ਼ਨ ਨੂੰ 'ਮੁਖ ਪੁਜਾਰੀ' ਬਹਾਲ ਕਰ ਲਿਆ ਦਖਨੇਸ਼ਵਰ ਦੇ ਮੰਦਰ ਵਿਚ। ਪ੍ਰਭਾਤ ਹੁੰਦੀ, ਸਵਾਮੀ ਜੀ ਇਸ਼ਨਾਨ ਕਰਦੇ ਧੂਪ, ਦੀਪ, ਨਵੇਦ, ਸਾਰੀ ਸਮਗਰੀ ਸਾਹਿਤ 'ਮਾਂ ਕਾਲੀ' ਦੇ ਸਨਮੁਖ ਬੈਠਦਿਆਂ ਹੀ ਵਰਾਗਮਈ ਹੋ ਜਾਂਦੇ। ਪਰਮਾਤਮਾ ਤੋਂ ਵਿਛੜੀ ਹੋਈ ਆਤਮਾ ਬਿਹਬਲ ਹੋ ਜਾਂਦੀ ਰੋਣ ਲੱਗ ਪੈਂਦੇ। ਪੂਜਾ ਦੀ



Sri Satguru Jagjit Singh Ji eLibrary NamdhariElibrary@gmail.com

ਸਾਰੀ ਸਮਗਰੀ ਉਸੇ ਤਰ੍ਹਾਂ ਪਈ ਰਹਿ ਜਾਂਦੀ ਅਤੇ ਸਵਾਮੀ ਘੰਟਿਆਂ ਤਕ ਕਦੇ-ਕਦੇ ਸਾਰਾ-ਸਾਰਾ ਦਿਨ ਰੋਂਦੇ ਰਹਿੰਦੇ। ਹੋਸ਼ ਨਾ ਰਹਿੰਦੀ। ਬਸ ਮਾਂ ਕਾਲੀ ਦੇ ਚਰਨ ਔਰ ਸਵਾਮੀ ਦੇ ਅਥਰੂ। ਬੜਾ ਔਖਾ ਹੈ ਰੋਣਾ। ਅੰਦਰ ਦੀ ਕਮਜ਼ੋਰੀ ਨੂੰ ਜ਼ਾਹਰ ਕਰ ਦਿੰਦੇ ਹਨ ਇਹ ਅਥਰੂ। ਅਹੰਕਾਰ ਨੂੰ ਖਤਰਾ ਪੈ ਜਾਂਦਾ ਹੈ। ਅਥਰੂਆਂ ਦੀ ਇਕ-ਇਕ ਬੂੰਦ ਨਾਲ ਅਹੰਕਾਰ ਗਲਨ ਲਗ ਜਾਂਦਾ ਹੈ। ਇਕ-ਇਕ ਇਟ ਧਰਾਸ਼ਾਈ ਹੋਣ ਲਗਦੀ ਹੈ, 'ਈਗੋ' ਦੀ। ਦੁਖ ਦੀ ਘੜੀ ਵਿਚ ਭੀ, ਮਰਦਾਨਗੀ ਆਹਤ ਹੁੰਦੀ ਹੈ-ਸਭ ਦੇ ਸਾਹਮਣੇ ਹੋਣ ਵਿਚ। ਅੰਦਰ ਕਿਸੇ ਪਰਦੇ ਵਿਚ ਭਾਵੇਂ ਰੋ ਲਈਏ, ਪਰ ਨੈਨਾਂ ਦੀਆਂ ਭਿਜ ਆਈਆਂ ਪਲਕਾਂ ਨੂੰ ਵੀ ਲੋਕਾਂ ਦੀਆਂ ਨਜ਼ਰਾਂ ਤੋਂ ਬਚਾ ਕੇ ਹੀ ਪੂੰਝਦੇ ਹਾਂ ਸਵਾਮੀ ਰਾਮ ਕ੍ਰਿਸ਼ਨ ਰੋਂਦੇ, ਘੰਟਿਆਂ ਰੋਂਦੇ, ਸਭ ਦੇ ਸਾਹਮਣੇ ਰੋਂਦੇ, ਸਾਰੀ ਸੰਗਤ ਦੇ ਵਿਚ ਰੋਂਦੇ, ਪਤਨੀ ਸ਼ਾਰਦਾ ਦੇ ਸਾਹਮਣੇ ਰੋਂਦੇ, ਰਾਣੀ ਰਾਸਮਤੀ ਦੀ ਮੌਜੂਦਗੀ ਵਿਚ ਰੋਂਦੇ, ਜੀ ਖੋਲ ਕੇ ਰੋਂਦੇ। ਸਵਾਮੀ ਰਾਮ ਕ੍ਰਿਸ਼ਨ ਦਾ ਰੋਣਾ ਹੀ, ਉਨ੍ਹਾਂ ਨੂੰ ਅਹੰਕਾਰ ਤੋਂ ਸ਼ੂਨਯ ਕਰ ਗਿਆ। ਨਾ ਮਾਇਆ ਰਹੀ ਨਾ ਮਮਤਾ, ਨਾ ਕੰਚਨ ਰਿਹਾ ਨਾ ਕਾਮਣੀ। ਨਾ ਜੀਵਨ ਦੀ ਜੀਜੀਵਸਾ ਰਹੀ ਨਾ ਮੌਤ ਦਾ ਮਾਤਮ। ਯੋਗ ਬਣ ਗਿਆ। ਸਵਾਮੀ ਨੇ ਰੋ ਕੇ ਪਾ ਲਿਆ।

ਗੁਰੂ ਨਾਨਕ ਨੇ 'ਗਾ' ਕੇ ਪਾਇਆ ਹੈ, ਉਸ ਅਵਸਥਾ ਨੂੰ......

'ਜੋਗੁ ਬਨਿਆ ਤੇਰਾ ਕੀਰਤਨੁ ਗਾਈ'

ਗੁਰੂ ਨਾਨਕ ਨੇ ਕੋਈ ਬਹੁਤ ਵਡੀ ਤਪਸਿਆ ਨਹੀਂ ਕੀਤੀ, ਜਲਧਾਰਾ ਨਹੀਂ ਕੀਤੀ, ਯੋਗ ਸਾਧਨਾ ਨਹੀਂ ਕੀਤੀ। ਸਿਰਫ ਗਾਇਆ ਹੈ, ਗਾ-ਗਾ ਕੇ ਰੀਝਾਇਆ ਹੈ, ਆਪਣੇ ਪ੍ਰੀਤਮ ਨੂੰ। ਇਤਨੀ ਤੜਪ ਨਾਲ ਗਾਇਆ ਹੈ, ਇਤਨੀ ਬਿਹਬਲਤਾ ਨਾਲ ਗਾਇਆ ਹੈ, ਇਤਨਾ ਸਮਰਪਤ ਹੋ ਕੇ ਗਾਇਆ ਹੈ ਕਿ ਕਿ ਗੁਰੂ ਨਾਨਕ ਦਾ ਗਾਣ ਹੀ ਤਪ ਬਣ ਗਿਆ। ਗੁਰੂ ਨਾਨਕ ਦਾ ਗਾਣ ਹੀ ਸਾਧਨਾ ਬਣ ਗਿਆ, ਗੁਰੂ ਨਾਨਕ ਦਾ ਗਾਨ ਹੀ 'ਜੋਗ' ਬਣ ਗਿਆ।

ਸਰਵੋਤਮ ਹੈ, ਗੁਰੂ ਨਾਨਕ ਦਾ 'ਗਾਨ ਯੋਗ'। ਇਸ ਗਾਨ ਵਿਚ ਅਕਾਲ ਪੁਰਖ ਨਾਲ ਜੁੜਨ ਦੀ ਤਾਂਘ ਭੀ ਹੈ, ਮਜਲੂਮਾਂ ਦੇ ਦਰਦ ਦੀ ਦਾਸਤਾਨ ਭੀ ਹੈ। ਗੁਰੂ ਨਾਨਕ ਦੇ ਗਾਨ ਵਿਚ ਜੀਵਨ ਦੀ ਮਰਿਆਦਾ ਭੀ ਅਤੇ ਮੌਤ ਦੀ ਮਹਿਮਾ ਭੀ। ਸਮਾਜ ਦੀ ਸਾਂਝ ਭੀ ਹੈ, 'ਜੀਵਨ-ਮੁਕਤ' ਦਾ ਮਾਰਗ ਭੀ ਹੈ। ਧਾਰਮਕ ਅੰਧ ਵਿਸਵਾਸ਼ ਅਤੇ ਪੁਰਾਣੀ ਰੂੜੀਵਾਦੀ ਪ੍ਰੰਪਰਾ ਦੀਆਂ ਅੰਧੇਰੀਆਂ ਗਲੀਆਂ ਵਿਚ ਭਟਕਨ ਵਾਲਿਆਂ ਲਈ 'ਪ੍ਰਕਾਸ਼-ਸਤੰਭ' ਬਣ ਗਿਆ। ਗੁਰੂ ਨਾਨਕ ਦੇ ਗਾਣ ਨੇ ਵਿਸ਼ੇ ਵਿਕਾਰਾਂ ਨੂੰ ਤਾਂ ਤੋੜਿਆ ਹੀ, ਪਰਵਾਰ ਤਿਆਗ ਕੇ ਜੰਗਲਾਂ ਵਲ ਨੂੰ ਪਲਾਇਨ ਕਰਨ ਵਾਲਿਆਂ ਤੇ ਭੀ ਗਹਿਰੀ ਚੋਟ ਕੀਤੀ। ਤਕਰੀਬਨ ਸਵਾ ਪੰਜ ਸੌ ਸਾਲ ਪਹਿਲਾਂ-ਪੱਥਵਾਦ, ਜਾਤੀਵਾਦ ਖੇਤਰਵਾਦ ਦੀ ਪਥਰੀਲੀ ਪਰਤ ਨੂੰ ਤੋੜ ਕੇ ਇਕ ਨਿਰਮਲ ਸੋਮਾ ਫੁਟਿਆ ਅਤੇ ਨਾਨਕ ਦੀ ਗੀਤ ਗੰਗਾ ਬਣ ਕੇ ਸਾਰੇ ਦੇਸ਼ ਨੂੰ ਸ਼ਾਂਤੀ, ਅਹਿੰਸਾ ਅਤੇ ਅਤੇ ਮਨੁਖ ਮਾਤਰ ਦੇ ਪ੍ਰੇਮ ਦਾ ਪੈਗਾਮ ਦਿਤਾ।

ਬੜੇ ਅਫਸੋਸ ਦੀ ਗੱਲ ਹੈ, ਅੱਜ ਮਨੁਖ ਵਿਗਿਆਨਕ ਪੱਖੋਂ ਤਾਂ ਅਗੇ ਵਧ ਗਿਆ ਹੈ ਪਰ ਆਧਿਆਤਮਕ ਪਿਛੜਾਪਨ ਭੀ ਪਹਿਲਾਂ ਨਾਲੋਂ ਜ਼ਿਆਦਾ ਗਹਿਰਾ ਹੋ ਗਿਆ ਹੈ। ਚੰਦ-ਸੂਰਜ, ਸ਼ੁਕਰ ਗ੍ਰਹਿ ਅਤੇ ਮੰਗਲ ਗ੍ਰਹਿ ਦੀ ਦੂਰੀ ਤਾਂ ਘਟ ਗਈ ਹੈ, ਪਰ ਮਨੁਖ-ਮਨੁਖ ਦੀ ਦੂਰੀ ਹੋਰ ਵਧ ਗਈ ਹੈ। ਗੁਰੂ ਨਾਨਕ ਨੇ ਸੰਦੇਸ਼ ਦਿਤਾ ਹੈ-'ਜੀਵ ਨੂੰ ਜੀਵ ਨਾਲ ਜੋੜਨ ਦੀ ਪ੍ਰਕਿਆ ਹੀ ਪ੍ਰਾਣੀ ਨੂੰ 'ਪ੍ਰਾਣ' ਨਾਲ ਜੋੜ ਸਕਦੀ ਹੈ। ਅਜ ਇਸ ਦੇਸ਼ ਨੂੰ ਜ਼ਰੂਰਤ ਹੈ, ਗੁਰੂ ਨਾਨਕ ਦੇ ਗੀਤ ਗਿਆਨ ਦੀ ਜੋ ਜਿਹੜਾ ਵੱਖਵਾਦ, ਸੰਪਰਦਾਇਵਾਦ ਅਤੇ ਪ੍ਰਤੀਕ੍ਰਿਆਵਾਦ ਦੇ ਖਾਤਮੇ ਦੇ ਨਾਲ ਹੀ ੯੦ ਸਾਲ ਦੇ 'ਬਜ਼ੁਰਗ' ਨੂੰ ੧੯ ਸਾਲ ਦੇ 'ਆਧੁਨਿਕ ਯੁਵਕ' ਨਾਲ ਜੋੜ ਸਕੇ।

ਗੁਰੂ ਨਾਨਕ ਦਾ ਸਮਤਾ-ਗਾਨ ਹੀ ਦੇਸ਼ ਦੇ ਖਿਲਦੇ ਫੁੱਲਾਂ ਨੂੰ ਇਕ ਲੜੀ ਵਿਚ ਪਰੋ ਕੇ ਮਾਲਾ ਦਾ ਰੂਪ ਦੇ ਸਕਦਾ ਹੈ। ਇਕ ਵਾਰ ਫੇਰ ਜਗਤ ਵਿਚ 'ਅਧਿਆਤਮਕ ਗੁਰੂ' ਦੇ ਰੂਪ ਵਿਚ ਭਾਰਤ ਦੀ ਪੁਨਰ ਸਥਾਪਨਾ ਹੋ ਸਕਦੀ ਹੈ। ਗੁਰੂ ਨਾਨਕ ਦੇ ਗਾਨ ਅਤੇ ਮਰਦਾਨੇ ਦੀ ਰਬਾਬ ਤੋਂ ਨਿਕਲੀਆਂ ਸਵਰ-ਲਹਿਰੀਆਂ ਤਾਕਤ ਰੱਖਦੀਆਂ ਹਨ— ਪੱਥਰ ਨੂੰ ਵੀ ਮੋਨ ਬਣਾਉਣ ਦੀ।

—੭੯੬ ਫੇਜ਼ ੬ ਮੋਹਾਲੀ

---

ਰਾਜ ਲੀਲਾ ਤੇਰੈ ਨਾਮਿ ਬਨਾਈ ॥
ਜੋਗੁ ਬਨਿਆ ਤੇਰਾ ਕੀਰਤਨੁ ਗਾਈ ॥
ਸਰਬ ਸੁਖਾ ਬਨੇ ਤੇਰੈ ਓਲ੍ਹੈ ॥
ਭ੍ਰਮ ਕੇ ਪਰਦੇ ਸਤਿਗੁਰ ਖੋਲ੍ਹੇ ॥

—ਗੁਰੂ ਅਰਜਨ ਦੇਵ



Sri Satguru Jagjit Singh Ji eLibrary NamdhariElibrary@gmail.com

ਕਹਾਣੀ

# ਗੰਡਾਸਾ

—ਅਹਿਮਦ ਨਦੀਮ ਕਾਸਮੀ—

ਪਾਕਿਸਤਾਨ ਦੇ ਮਸ਼ਹੂਰ ਅਦੀਬ ਜਨਾਬ ਅਹਿਮਦ ਨਦੀਮ ਕਾਸਮੀ ਦੀ ਇਹ ਪ੍ਰਸਿਧ ਕਹਾਣੀ ਹੈ। ਮਨੁਖ ਦੇ ਮਨ ਵਿਚ ਹੀ ਰੱਬ ਤੇ ਸ਼ੈਤਾਨ ਹੁੰਦੇ ਹਨ। ਰਾਵਣ ਵੀ ਤੇ ਰਾਮ ਵੀ। ਕਾਤਲ ਦੇ ਮਨ ਵਿਚ ਰਹਿਮ ਵੀ ਹੁੰਦਾ ਹੈ ਅਤੇ ਦਿਆਲੂ ਮਨੁਖਾਂ ਵਿਚ ਕਿਤੇ ਕਾਤਲ ਵੀ ਲੁਕਿਆ ਹੋ ਸਕਦਾ ਹੈ। ਇਕ ਸਮੇਂ ਮਨੁਖ ਇਹ ਗਲ ਵੀ ਨਹੀਂ ਸਹਾਰਦਾ ਕਿ ਕੋਈ ਉਸ ਤੇ ਤਰਸ ਖਾਵੇ। ਇਸ ਵੇਲੇ ਉਹ ਆਪਣੇ ਹੰਕਾਰ ਦੇ ਸਿਖਰ ਤੇ ਹੁੰਦਾ ਹੈ ਅਤੇ ਉਹ ਹੀ ਮਨੁਖ ਕਦੇ ਏਨਾ ਫਿੱਸਿਆ ਹੁੰਦਾ ਹੈ ਕਿ ਉਹ ਚਾਹੁੰਦਾ ਹੈ ਕਿ ਕੋਈ ਉਸ ਨੂੰ ਰੋਣ ਹੀ ਦੇਵੇ। ਮਨੁਖੀ ਮਨ ਬਿਰਤੀਆਂ ਦੀਆਂ ਅਜਿਹੀਆਂ ਜਟਲਤਾਵਾਂ ਨੂੰ ਲਭਣਾ, ਪਕੜਨਾ ਅਤੇ ਪੇਸ਼ ਕਰਨਾ ਬਹੁਤ ਔਖਾ ਕਾਰਜ ਹੈ। ਕਾਸਮੀ ਸਾਹਿਬ ਦੀ ਖੂਬੀ ਹੈ ਕਿ ਧੁਰ ਮਨੁਖ ਦੇ ਅੰਦਰ ਦੀਆਂ ਬਿਰਤੀਆਂ ਨੂੰ ਪਾਠਕਾਂ ਦੇ ਸਾਹਮਣੇ ਕਮਾਲ ਦੇ ਹੁਨਰ ਨਾਲ ਪੇਸ਼ ਕਰਦੇ ਹਨ।

—ਸੰਪਾਦਕ

ਅਖਾੜਾ ਜੰਮ ਚੁਕਿਆ ਸੀ। ਲੋਕਾਂ ਨੇ ਆਪਣੇ ਆਪਣੇ ਪਾਸੇ ਮੱਲ ਲਏ ਸਨ। 'ਪੜਕੌਡੀ' ਦੇ ਖਿਡਾਰੀ ਪਿੰਡਿਆਂ 'ਤੇ ਤੇਲ ਮਲ ਵੱਜ ਰਹੇ ਢੋਲ ਦੁਆਲੇ ਘੁੰਮ ਰਹੇ ਸਨ। ਉਹਨਾਂ ਨੇ ਰੰਗੀਨ ਲੰਗੋਟੇ ਕਸੇ ਹੋਏ ਸਨ, ਅਤੇ ਨਿੱਕੇ ਨਿੱਕੇ ਚਿੱਟੇ ਪਟਕੇ ਉਹਨਾਂ ਦੇ ਚੋਪੜੇ ਹੋਏ ਪਟਿਆਂ ਹੇਠੋਂ ਲੰਘ ਸਿਰਾਂ ਦੇ ਦੋਹੀਂ ਪਾਸੀਂ ਕੰਵਲ ਫੁੱਲਾਂ ਵਾਂਗ ਲਹਿਰਾ ਰਹੇ ਸਨ। ਵਿਸ਼ਾਲ ਮੈਦਾਨ ਦੇ ਦੋਹੀਂ ਪਾਸੀਂ ਗੱਪਾਂ ਅਤੇ ਹੁੱਕਿਆਂ ਦੇ ਦੌਰ ਚਲ ਰਹੇ ਸਨ, ਤੇ ਖਿਡਾਰੀਆਂ ਦੇ ਭੂਤ ਭਵਿੱਖ ਨੂੰ ਜੋਖਿਆ ਪਰਖਿਆ ਜਾ ਰਿਹਾ ਸੀ। ਮਸ਼ਹੂਰ ਜੋੜੀਆਂ ਹਾਲੀਂ ਅਖਾੜੇ ਵਿਚ ਨਹੀਂ ਸਨ ਉੱਤਰੀਆਂ। ਇਹ ਮਸ਼ਹੂਰ ਖਿਡਾਰੀ ਆਪਣੇ ਮਿੱਤਰਾਂ ਅਤੇ ਪ੍ਰਸ਼ੰਸਕਾਂ ਵਿਚ ਘਿਰੇ ਇੰਜ ਤੇਲ ਮਲਵਾ ਰਹੇ ਸਨ ਕਿ ਉਹਨਾਂ ਦੇ ਪਿੰਡਿਆਂ ਨੂੰ ਢਲਦੀ ਧੁੱਪ ਦੀ ਚਮਕ ਨੇ ਬਿਲਕੁਲ ਤਾਂਬੇ ਵਰਗਾ ਰੰਗ ਚੜ੍ਹਾ ਦਿੱਤਾ ਸੀ। ਫਿਰ ਇਹ ਖਿਡਾਰੀ ਵੀ ਅਖਾੜੇ 'ਚ ਆ ਨਿਤਰੇ। ਉਹਨਾਂ ਨੇ ਵਜਦੇ ਢੋਲ ਦੁਆਲੇ ਗੇੜੇ ਕੱਢੇ ਅਤੇ ਆਪਣੇ ਆਪਣੇ ਪਾਸਿਆਂ ਵਲ ਨੱਚਣ ਟੱਪਣ ਲੱਗੇ। ਫਿਰ ਇਕ ਦਮ ਸਾਰੇ ਮੈਦਾਨ ਵਿਚ ਇਹ ਗੱਲ ਮੂੰਹੋ ਮੂੰਹ ਘੁੰਮਣ ਘੇਰੀ ਵਾਂਗ ਘੁੰਮ ਗਈ-ਮੌਲਾ ਕਿਥੇ ਐ?

ਮੌਲੇ ਦੀ ਖੇਡ ਦੇਖਣ ਹੀ ਤਾਂ ਇਹ ਲੋਕ ਦੂਰ ਦੁਰਾਡੇ ਪਿੰਡਾਂ ਤੋਂ ਵਹੀਰਾਂ ਘੱਤ ਆਏ ਸਨ।—ਮੌਲੇ ਦਾ ਜੋੜੀਦਾਰ ਤਾਜਾ ਵੀ ਤਾਂ ਨਹੀਂ। ਦੂਜੀ ਘੁੰਮਣ ਘੇਰੀ ਪੈਦਾ ਹੋਈ। ਲੋਕ ਪੂਰਬੀ ਗੁੱਠ ਵਲ ਤਿੱਖੇ ਪੈਰੀਂ ਵਧਣ ਲਗੇ। ਜੰਮਿਆ ਹੋਇਆ ਪਿੜ ਟੁੱਟ ਗਿਆ। ਪ੍ਰਬੰਧਕਾਂ ਨੇ ਪਿੜ ਟੁੱਟਣ ਨੂੰ ਮਾੜਾ ਸ਼ਗਨ ਸਮਝ ਪਹਿਲਾਂ ਤਾਂ ਲੰਮੀਆਂ ਲੰਮੀਆਂ ਬੈਂਤਾਂ ਤੇ ਡਾਂਗਾਂ ਧਰਤੀ 'ਤੇ ਮਾਰ ਮਾਰ ਵਧ ਰਹੀ ਭੀੜ ਸਾਹਵੇਂ ਗਰਦ ਦਾ ਤੂਫਾਨ ਉਡਾਉਣ ਦੀ ਕੋਸ਼ਿਸ਼ ਕੀਤੀ, ਪਰ ਜਦੋਂ ਇਹ ਗੱਲ ਉਹਨਾਂ ਦੇ ਵੀ ਕੰਨਾਂ 'ਚ ਪਈ ਤਾਂ ਉਹ ਵੀ ਭੀੜ ਦੇ ਨਾਲ ਹੋ ਤੁਰੇ ਤੇ ਫਿਰ ਜਿਵੇਂ ਮੈਦਾਨ ਵਿਚ ਕੋਈ ਗੋਲਾ ਚਕਰਾ ਦੇਣ ਵਾਲੇ ਧਮਾਕੇ ਨਾਲ ਪਾਟ ਗਿਆ ਹੋਵੇ। ਹਰ ਪਾਸੇ ਸਨਾਟਾ ਛਾ ਗਿਆ। ਲੋਕ ਆਪਣੀਆਂ ਆਪਣੀਆਂ ਬਾਵਾਂ ਨੂੰ ਪਰਤਣ ਲੱਗੇ। ਮੌਲਾ ਆਪਣੇ ਜੋੜੀਦਾਰ ਤਾਜੇ ਨਾਲ ਅਖਾੜੇ ਵਿਚ ਆ ਪੁੱਜਿਆ। ਉਹਨੇ ਫੁੰਧਿਆਂ ਤੇ ਡੋਰੀਆਂ ਨਾਲ ਸ਼ਿੰਗਾਰੇ ਢੋਲ ਦੁਆਲੇ ਡਾਢੇ ਮਾਣ ਨਾਲ ਤਿੰਨ ਗੇੜੇ ਦਿਤੇ। ਫਿਰ ਢੋਲ ਨੂੰ ਉਂਗਲੀਆਂ ਨਾਲ ਛੋਹ 'ਯਾ ਅਲੀ' ਦਾ ਨਾਅਰਾ ਬੁਲੰਦ ਕਰਨ ਲਈ ਹੱਥ ਹਵਾ 'ਚ ਲਹਿਰਾਇਆ ਹੀ ਸੀ ਕਿ ਇਕ ਆਵਾਜ਼ ਢੋਲਾਂ ਦੇ ਖੜਾਕ ਨੂੰ ਚੀਰਦੀ ਉਹਦੀ ਹਿੱਕ 'ਤੇ ਗੰਡਾਸੇ ਵਾਂਗ ਆ ਵੱਜੀ—ਮੌਲੇ, ਓ ਮੌਲੇ ਪੁੱਤਰ! ਤੇਰਾ ਬਾਪ ਕਤਲ ਹੋ ਗਿਆ!

ਮੌਲੇ ਦਾ ਉਠਿਆ ਹੱਥ ਸੱਪ ਦੇ ਫਣ ਵਾਂਗ ਲਹਿਰਾ ਗਿਆ। ਫਿਰ ਇਕ ਦਮ ਉਹਦੇ ਪੈਰਾਂ 'ਚ ਜਿਵੇਂ ਪਹੀਏ ਲੱਗ ਗਏ—ਰੰਗੇ ਨੇ ਤੇਰੇ ਬਾਪ ਨੂੰ ਗੰਡਾਸੇ ਨਾਲ ਚੀਰ ਸੁਟਿਐ, ਉਹਦੀ ਮਾਂ ਦੀ ਆਵਾਜ਼ ਨੇ ਉਹਦਾ ਪਿੱਛਾ ਕੀਤਾ।

ਪਿੜ ਟੁੱਟ ਗਿਆ। ਢੋਲ ਰੁਕ ਗਏ। ਖਿਡਾਰੀ ਛੇਤੀ ਕਪੜੇ ਪਾਉਣ ਲੱਗੇ। ਭੀੜ ਵਿਚ ਹਾਹਾਕਾਰ ਮੱਚ ਗਿਆ। ਮੌਲੇ ਦੇ ਸਰੀਰ ਦਾ ਤਾਂਬਾ ਗਲੀਆਂ ਵਿਚ ਅੱਗ ਖਿਲਾਰਦਾ ਉੱਡਿਆ ਜਾ ਰਿਹਾ ਸੀ, ਕਾਫੀ ਪਿੱਛੇ ਉਹਦਾ ਜੋੜੀਦਾਰ



Sri Satguru Jagjit Singh Ji eLibrary NamdhariElibrary@gmail.com

ਤਾਜਾ ਆਪਣੇ ਤੇ ਮੌਲੇ ਦੇ ਕਪੜਿਆਂ ਦੀ ਗੰਢੜੀ ਹਿੱਕ ਨਾਲ ਘੁੱਟੀ ਆ ਰਿਹਾ ਸੀ ਅਤੇ ਉਹਦੇ ਪਿਛੇ ਲੋਕਾਂ ਦੀ ਡਰੀ ਹੋਈ ਭੀੜ। ਜਿਹੜੇ ਪਿੰਡ ਵਿਚ ਕਿਸੇ ਨੂੰ ਨੰਗੇ ਸਿਰ ਤੱਕ ਫਿਰਨ ਦਾ ਹੌਸਲਾ ਨਹੀਂ ਸੀ ਹੁੰਦਾ, ਉਥੇ ਮੌਲਾ ਸਿਰਫ਼ ਇਕ ਗੁਲਾਬੀ ਲੰਗੋਟੇ ਵਿਚ ਪਾਣੀ ਭਰੇਂਦੀਆ ਸੁਆਣੀਆਂ ਦੀਆਂ ਕਤਾਰਾਂ ਤੇ ਭੇਡਾਂ ਬੱਕਰੀਆਂ ਦੇ ਇੱਜੜਾਂ ਨੂੰ ਚੀਰਦਾ ਉੱਡਿਆ ਜਾ ਰਿਹਾ ਸੀ। ਜਦੋਂ ਉਹ ਰੰਗੇ ਦੇ ਚੌਪਾਲ ਦੇ ਐਨ ਸਾਹਵੇਂ ਪੁੱਜਿਆ ਤਾਂ ਸਾਹਮਣੀ ਭੀੜ 'ਚੋਂ ਪੀਰ ਨੂਰ ਸ਼ਾਹ ਨਿਕਲੇ ਤੇ ਲਲਕਾਰ ਕੇ ਬੋਲੇ—ਰੁਕ ਜਾ ਮੌਲੇ !

ਮੌਲਾ ਵਧਦਾ ਗਿਆ। ਪਰ ਫਿਰ ਜਿਵੇਂ ਉਹਦੇ ਪੈਰਾਂ ਨੂੰ ਪਹਾੜ ਬੱਝ ਗਏ ਤੇ ਉਹ ਬੁੱਤ ਵਾਂਗ ਜੰਮ ਕੇ ਖਲੋ ਗਿਆ। ਪੀਰ ਨੂਰ ਸ਼ਾਹ ਉਹਦੇ ਕੋਲ ਆ ਚੀਰਵੀਂ ਆਵਾਜ਼ ਵਿਚ ਬੋਲੇ—ਤੂੰ ਅਗਾਂਹ ਨਹੀਂ ਜਾਵੇਂਗਾ, ਮੌਲੇ !

ਸਾਹੋ ਸਾਹ ਹੋਇਆ ਮੌਲਾ ਕੁਝ ਦੇਰ ਪੀਰ ਨੂਰ ਸ਼ਾਹ ਦੀਆਂ ਅੱਖਾਂ 'ਚ ਅੱਖਾਂ ਪਾ ਵੇਖਦਾ ਰਿਹਾ। ਫਿਰ ਬੋਲਿਆ—ਜੇ ਅਗਾਂਹ ਨਹੀਂ ਜਾਵਾਂਗਾ, ਪੀਰ ਜੀ ਤਾਂ ਜੀਂਦਾ ਕਿਵੇਂ ਰਹਾਂਗਾ ?

—ਮੈਂ ਜੋ ਕਹਿ ਰਿਹਾਂ, ਪੀਰ ਜੀ ਨੇ 'ਮੈਂ 'ਤੇ ਜ਼ੋਰ ਦਿੰਦਿਆਂ ਦਬਦਬੇ ਨਾਲ ਆਖਿਆ।

ਹਫਿਆ ਹੋਇਆ ਮੌਲਾ ਇਕੋ ਸਾਹ ਬੋਲਦਾ ਗਿਆ—ਤਾਂ ਫੇਰ ਮੇਰੇ ਮੂੰਹ 'ਤੇ ਕਾਲਖ਼ ਵੀ ਮਲ ਦਿਓ ਤੇ ਨੱਕ ਵੱਢ ਦਿਓ ਮੇਰਾ। ਮੈਂ ਤਾਂ ਆਪਣੇ ਬਾਪ ਦੇ ਖ਼ੂਨ ਦਾ ਬਦਲਾ ਲੈਣੈਂ, ਪੀਰ ਜੀ। ਜੇ ਭੇਡ ਬੱਕਰੀ ਦੀ ਗੱਲ ਹੁੰਦੀ ਤਾਂ ਮੈਂ ਤੁਹਾਡੇ ਆਖੇ ਇਥੋਂ ਹੀ ਪਰਤ ਜਾਂਦਾ।

ਮੌਲੇ ਨੇ ਜ਼ੋਰ ਨਾਲ ਆਪਣੀ ਗਰਦਣ ਨੂੰ ਝਟਕਾ ਦੇ ਰੰਗੇ ਦੀ ਚੌਪਾਲ ਵਲ ਵੇਖਿਆ ਜਿਥੇ ਰੰਗਾ ਅਤੇ ਉਹਦੇ ਮੁੰਡੇ ਡਾਂਗਾਂ ਉਤੇ ਗੰਡਾਸੇ ਚੜ੍ਹਾਈ ਤਣੇ ਖਲੋਤੇ ਸਨ। ਰੰਗੇ ਦਾ ਵੱਡਾ ਮੁੰਡਾ ਬੋਲਿਆ—ਅਗਾਂਹ ਤਾਂ ਹੋ ਪੁੱਤਰਾ ! ਜੇ ਗੰਡਾਸੇ ਦੇ ਇਕੋ ਵਾਰ ਨਾਲ ਆਂਤੜੀਆਂ ਦਾ ਢੇਰ ਕਢਕੇ ਨਾ ਰੱਖਦਿਆਂ। ਮੇਰੇ ਗੰਡਾਸੇ 'ਚ ਲੋਹੜੇ ਦੀ ਫੁਰਤੀ ਐ। ਕੌਡੀ ਖੇਡਣ ਵਾਲੇ ਲਾਡਲੇ ਪੁੱਤ ਬਾਪ ਦੇ ਕਤਲ ਦਾ ਬਦਲਾ ਨੀ ਲੈਂਦੇ ਹੁੰਦੇ, ਬਲਕਿ ਰੋਂਦੇ ਹੁੰਦੇ ਨੇ ਤੇ ਖੱਫਣ ਲਈ ਲੱਠਾ ਲਭਣ ਚਲੇ ਜਾਂਦੇ ਨੇ।

ਮੌਲਾ ਜਿਵੇਂ ਗੱਲ ਮੁੱਕਣ ਦੀ ਉਡੀਕ ਵਿਚ ਹੀ ਸੀ। ਉਹ ਇਕੋ ਛਾਲ ਚੌਪਾਲ ਦੀਆਂ ਪੌੜੀਆਂ 'ਤੇ ਜਾ ਪੁਜਿਆ। ਪਰ ਹੁਣ ਕੌਡੀ ਵਾਲੀ ਭੀੜ ਵੀ ਪੁਜ ਗਈ ਸੀ ਤੇ ਸਾਰਾ ਪਿੰਡ ਉਹਦਾ ਰਾਹ ਮੱਲ ਕੇ ਖਲੋ ਗਿਆ। ਉਹਦਾ ਤੇਲੋ ਤੇਲ ਹੋਇਆ ਸਰੀਰ ਲੋਕਾਂ ਦੇ ਹੱਥਾਂ ਚੋਂ ਨਿਕਲ ਨਿਕਲ ਜਾਂਦਾ ਸੀ ਪਰ ਫਿਰ ਵੀ ਫੜ ਲਿਆ ਜਾਂਦਾ। ਭੀੜ ਦਾ ਇਕ ਹਿੱਸਾ ਰੰਗੇ ਅਤੇ ਉਹਦੇ ਤਿੰਨ ਪੁਤਰਾਂ ਨੂੰ ਵੀ ਰੋਕ ਰਿਹਾ ਸੀ। ਚਾਰ ਗੰਡਾਸੇ ਉਹਨੂੰ ਡੁਬਦੇ ਸੂਰਜ ਦੀ ਰੌਸ਼ਨੀ ਵਿਚ ਜਿੰਨਾਂ ਵਾਂਗ ਦੰਦ ਚਮਕਾਉਂਦੇ ਜਾਪ ਰਹੇ ਸਨ। ਫ਼ਿਰ ਅਚਾਨਕ ਜਿਵੇਂ ਸਾਰੀ ਭੀੜ ਨੂੰ ਸੱਪ ਸੁੰਘ ਗਿਆ। ਪੀਰ ਨੂਰ ਸ਼ਾਹ ਕੁਰਾਨ ਮੁਜੀਦ ਨੂੰ ਦੋਹਾਂ ਹੱਥਾਂ ਵਿਚ ਚੁਕੀ ਚੌਪਾਲ ਦੀਆਂ ਪੌੜੀਆਂ 'ਤੇ ਆਏ ਤੇ ਚੀਕੇ—ਇਸ ਕਲਾਮ ਅੱਲ੍ਹਾ ਦਾ ਵਾਸਤੇ ਜੇ ਆਪਣੇ ਆਪਣੇ ਘਰੀਂ ਪਰਤ ਜਾਓ। ਨਹੀਂ ਤਾਂ ਕਮਬਖ਼ਤੋ ! ਸਾਰਾ ਪਿੰਡ ਕੱਟ ਮਰੇਗਾ। ਜਾਓ, ਤੁਹਾਨੂੰ ਖ਼ੁਦਾ ਤੇ ਰਸੂਲ ਦਾ ਵਾਸਤਾ, ਪਾਕ ਕੁਰਾਨ ਦਾ ਵਾਸਤਾ, ਜਾਓ ! ਚਲੇ ਜਾਓ !!

ਲੋਕ ਸਿਰ ਝੁਕਾ ਖਿੰਡਣ ਲਗ ਪਏ। ਮੌਲੇ ਨੇ ਛੇਤੀ ਨਾਲ ਤਾਜੇ ਤੋਂ ਪਟਕਾ ਲੈ ਸ਼ਰਧਾ ਨਾਲ ਆਪਣੇ ਗੋਡੇ ਢਕ ਲਏ ਤੇ ਪੌੜੀਆਂ ਤੋਂ ਲਹਿ ਗਿਆ। ਪੀਰ ਸਾਹਿਬ ਕੁਰਾਨ ਮਜੀਦ ਨੂੰ ਬਗ਼ਲ 'ਚ ਲੈ ਉਹਦੇ ਕੋਲ ਆ ਕਹਿਣ ਲੱਗੇ—ਅੱਲਾ ਤੁਆਲਾ ਤੈਨੂੰ ਸਬਰ ਬਖਸ਼ੇ, ਤੇ ਅੱਜ ਦੇ ਇਸ ਨੇਕ ਕੰਮ ਦਾ ਸਿਲਾ ਦੇਵੇ।

ਮੌਲਾ ਘਰ ਨੂੰ ਪਰਤ ਪਿਆ। ਤਾਜਾ ਉਹਦੇ ਨਾਲ ਸੀ। ਗਲੀ ਦੇ ਮੋੜ 'ਤੇ ਪੁੱਜ ਮੌਲੇ ਨੇ ਪਰਤ ਕੇ ਰੰਗੇ ਦੀ ਚੌਪਾਲ ਵਲ ਨਜ਼ਰ ਮਾਰੀ।

—ਤੂੰ ਤਾਂ ਰੋ ਰਿਹਾ ਏਂ ਮੌਲੇ ? ਤਾਜੇ ਨੇ ਦੁੱਖ ਨਾਲ ਆਖਿਆ।

ਤੇ ਮੌਲੇ ਨੇ ਆਪਣੀ ਨੰਗੀ ਬਾਂਹ ਅੱਖਾਂ 'ਤੇ ਰਗੜ ਆਖਿਆ—ਤਾਂ ਕੀ ਹੁਣ ਰੋਵਾਂ ਨਾ ?

—ਲੋਕ ਕੀ ਆਖਣਗੇ ?

—ਹਾਂ, ਤਾਜੇ ! ਮੌਲੇ ਨੇ ਬਾਂਹ ਫਿਰ ਅੱਖਾਂ 'ਤੇ ਰਗੜੀ—ਮੈਂ ਵੀ ਤਾਂ ਏਹੀ ਸੋਚ ਰਿਹਾ ਕਿ ਲੋਕ ਕੀ ਆਖਣਗੇ। ਮੇਰੇ ਬਾਪ ਦੇ ਖ਼ੂਨ 'ਤੇ ਮੱਖੀਆਂ ਉੱਡ ਰਹੀਆਂ ਨੇ ਤੇ ਮੈਂ ਗਲੀ 'ਚ ਡਰੇ ਹੋਏ ਕੁੱਤੇ ਵਾਂਗ ਪੂਛ ਦਬਾਈ ਭਜਿਆ ਜਾ ਰਿਹਾ ਮਾਂ ਦੇ ਗੋਡੇ ਮੁਢ ਬਹਿ ਕੇ ਰੋਣ ਲਈ।

ਪਰ ਮੌਲਾ ਮਾਂ ਦੇ ਗੋਡੇ ਮੁੱਢ ਬਹਿ ਕੇ ਨਾ ਰੋਇਆ। ਜਦੋਂ ਉਹ ਘਰ ਦੇ ਵਿਹੜੇ ਵਿਚ ਆਇਆ ਤਾਂ ਰਿਸ਼ਤੇਦਾਰ ਉਹਦੇ ਬਾਪ ਦੀ ਲਾਸ਼ ਨੂੰ ਠਾਣੇ ਲੈ ਜਾਣ ਦਾ ਫ਼ੈਸਲਾ ਕਰ ਚੁੱਕੇ ਸਨ। ਦੁਹੱਥੜੀਂ ਪਿੱਟਦੀ ਤੇ ਵਾਲ ਖੋਹੰਦੀ ਉਹਦੀ ਮਾਂ ਉਹਦੇ ਕੋਲ ਆਈ ਤੇ 'ਸ਼ਰਮ ਤਾਂ ਨੀ ਆਉਂਦੀ' ਆਖ ਮੂੰਹ ਭੂਆ ਲਾਸ਼ ਕੋਲ ਚਲੀ ਗਈ। ਮੌਲੇ ਦੀਆਂ ਤਿਉੜੀਆਂ



Sri Satguru Jagjit Singh Ji eLibrary NamdhariElibrary@gmail.com

ਉਸੇ ਤਰ੍ਹਾਂ ਤਣੀਆਂ ਰਹੀਆਂ ! ਉਹਨੇ ਅਗਾਂਹ ਹੋ ਬਾਪ ਦੀ ਲਾਸ਼ ਨੂੰ ਮੋਢਾ ਦਿਤਾ ਤੇ ਬਰਾਦਰੀ ਦੇ ਨਾਲ ਠਾਣੇ ਨੂੰ ਤੁਰ ਪਿਆ ।

ਤੇ ਹਾਲੀਂ ਲਾਸ਼ ਠਾਣੇ ਨਹੀਂ ਪੁੱਜੀ ਸੀ ਕਿ ਰੰਗੇ ਦੀ ਚੌਪਾਲ ਤੇ ਪਰਲੋ ਆ ਗਈ । ਰੰਗਾ ਚੌਪਾਲ ਦੀਆਂ ਪੌੜੀਆਂ ਉਤਰ ਸਾਹਮਣੇ ਆਪਣੇ ਘਰ ਵੜਣ ਹੀ ਲਗਿਆ ਸੀ ਕਿ ਕਿ ਕਿਤੋਂ ਇਕ ਗੰਡਾਸਾ ਲਹਿਰਾਇਆ ਅਤੇ ਆਂਤੜੀਆਂ ਦਾ ਇਕ ਢੇਰ ਉਹਦੇ ਪਾਟੇ ਢਿੱਡ 'ਚੋਂ ਬਾਹਰ ਉੱਛਲ ਉਹਦੇ ਘਰ ਦੀ ਚੋਹਲੀ 'ਤੇ ਭਾਫ਼ਾਂ ਛਡਣ ਲਗਿਆ । ਕਾਫੀ ਹਫੜਾ ਦਫੜੀ ਪਿਛੋਂ ਰੰਗੇ ਦੇ ਮੁੰਡੇ ਘੋੜਿਆਂ ਤੇ ਚੜ੍ਹ ਰਪਟ ਲਿਖਾਉਣ ਪਿੰਡੋਂ ਬਾਹਰ ਨਿਕਲੇ । ਪਰ ਜਦੋਂ ਠਾਣੇ ਪੁੱਜੇ ਤਾਂ ਇਹ ਵੇਖ ਹੈਰਾਨ ਰਹਿ ਗਏ ਕਿ ਜਿਹੜੇ ਆਦਮੀ ਵਿਰੁਧ ਰਪਟ ਲਿਖਾਉਣ ਆਏ ਸਨ ਉਹ ਤਾਂ ਆਪਣੇ ਬਾਪ ਦੀ ਲਾਸ਼ ਕੋਲ ਬੈਠਾ ਫਾਤਿਹਾ ਪੜ੍ਹ ਰਿਹਾ ਸੀ । ਠਾਣੇਦਾਰ ਨਾਲ ਉਹਨਾਂ ਨੇ ਬੜੀ ਹੇਰਾਫੇਰੀ ਦੀ ਕੋਸ਼ਿਸ ਕੀਤੀ ਅਤੇ ਆਪਣੇ ਬਾਪ ਦਾ ਕਾਤਲ ਮੌਲੇ ਨੂੰ ਹੀ ਠਹਿਰਾਇਆ । ਠਾਣੇਦਾਰ ਨੇ ਉਹਨਾਂ ਨੂੰ ਸਮਝਾਇਆ ਕਿ ਐਵੇਂ ਆਪਣੇ ਬਾਪ ਦੇ ਕਾਤਲ ਨੂੰ ਗੁਆ ਬੈਠੋਗੇ । ਕੋਈ ਅਕਲ ਦੀ ਗੱਲ ਕਰੋ । ਇਧਰ ਇਹ ਮੇਰੇ ਕੋਲ ਬੈਠਾ ਆਪਣੇ ਬਾਪ ਦੇ ਕਾਤਲ ਦੀ ਰਪਟ ਲਿਖਾ ਰਿਹਾ ਹੈ ਤੇ ਉਧਰ ਤੁਹਾਡੇ ਬਾਪ ਦੇ ਢਿੱਡ 'ਚ ਗੰਡਾਸਾ ਮਾਰ ਰਿਹਾ ਹੈ ?

ਆਖ਼ਰ ਦੋਹਾਂ ਪਾਸਿਉਂ ਚਲਾਨ ਹੋਏ । ਪਰ ਦੋਹਾਂ ਕਤਲਾਂ ਦੇ ਸਬੂਤ ਨਾ ਮਿਲਣ ਕਰਕੇ ਦੋਨੋਂ ਬਰੀ ਹੋ ਗਏ । ਜਦੋਂ ਮੌਲਾ ਛੁਟ ਕੇ ਪਿੰਡ ਪਰਤਿਆ ਤਾਂ ਉਹ ਆਪਣੀ ਮਾਂ ਤੋਂ ਮੱਥੇ 'ਤੇ ਭਰਪੂਰ ਚੁੰਮਣ ਲੈਣ ਪਿਛੋਂ ਸਭ ਤੋਂ ਪਹਿਲਾਂ ਤਾਜੇ ਕੋਲ ਪੁੱਜਿਆ । ਘੁੱਟ ਗਲਵਕੜੀ ਪਾ ਬੋਲਿਆ—ਉਸ ਦਿਨ ਜੇ ਤੂੰ ਤੇ ਤੇਰਾ ਘੋੜਾ ਮੇਰੇ ਕੰਮ ਨਾ ਆਉਂਦੇ ਤਾਂ ਅੱਜ ਮੈਂ ਫਾਂਸੀ ਦੇ ਰੱਸੇ ਨਾਲ ਤੋਰੀ ਵਾਂਗ ਲਮਕ ਰਿਹਾ ਹੁੰਦਾ । ਤੇਰੀ ਸੌਂਹ ਜਦੋਂ ਮੈਂ ਰੰਗੇ ਦਾ ਢਿੱਡ ਪਾੜ ਰਕਾਬ 'ਚ ਪੈਰ ਰਖਿਆ, ਹਨੇਰੀ ਬਣ ਗਿਆ, ਖ਼ੁਦਾ ਦੀ ਕਸਮ । ਲਾਸ਼ ਹਾਲੀਂ ਠਾਣੇ ਵੀ ਨਹੀਂ ਸੀ ਪੁੱਜੀ ਕਿ ਮੈਂ ਹੱਥ ਝਾੜ ਕੇ ਮੁੜ ਵੀ ਆਇਆ ।

ਸਾਰਾ ਪਿੰਡ ਜਾਣਦਾ ਸੀ ਰੰਗੇ ਦਾ ਕਾਤਲ ਮੌਲਾ ਹੀ ਹੈ । ਪਰ ਮੌਲੇ ਦੇ ਰਿਸ਼ਤੇਦਾਰਾਂ ਅਤੇ ਤਾਜੇ ਬਿਨਾਂ ਕਿਸੇ ਨੂੰ ਪਤਾ ਨਹੀਂ ਸੀ ਕਿ ਇਹ ਸਭ ਕੁਝ ਵਾਪਰ ਕਿਵੇਂ ਗਿਆ । ਫਿਰ ਇਕ ਦਿਨ ਪਿੰਡ ਵਿਚ ਇਹ ਖ਼ਬਰ ਘੁੰਮਣ ਲੱਗੀ ਕਿ ਮੌਲੇ ਦਾ ਬਾਪ ਤਾਂ ਰੰਗੇ ਦੇ ਵੱਡੇ ਪੁੱਤਰ ਕਾਦਰ ਦੇ ਗੰਡਾਸੇ ਨਾਲ ਮਰਿਆ ਹੈ । ਰੰਗਾ ਤਾਂ ਬਸ ਹਲਾਸ਼ੇਰੀ ਦੇ ਰਿਹਾ ਸੀ ਆਪਣੇ ਮੁੰਡਿਆਂ ਨੂੰ । ਰਾਤ ਨੂੰ ਚੌਪਾਲਾਂ ਅਤੇ ਘਰਾਂ ਵਿਚ ਇਹੀ ਗੱਲ ਚਲਦੀ ਰਹੀ ਤੇ ਸਵੇਰ ਸਾਰ ਪਤਾ ਲਗਿਆ ਕਿ ਕਾਦਰ ਆਪਣੇ ਕੋਠੇ ਦੀ ਛੱਤ 'ਤੇ ਮਰਿਆ ਪਿਆ ਹੈ—ਉਹ ਵੀ ਇੰਝ ਕਿ ਜਦੋਂ ਉਹਦੇ ਭਰਾ ਫੱਲੇ ਤੇ ਗੱਲੇ ਨੇ ਉਹਨੂੰ ਉਠਾਣ ਦੀ ਕੋਸ਼ਿਸ਼ ਕੀਤੀ ਤਾਂ ਉਹਦਾ ਸਿਰ ਭੁੰਜੇ ਡਿਗ ਪਰਨਾਲੇ ਤੀਕ ਲੁੜ੍ਹਕਦਾ ਹੀ ਚਲਿਆ ਗਿਆ । ਰਪਟ ਲਿਖਾਈ ਗਈ ਤੇ ਪੁਲਸ ਆ ਗਈ । ਮੌਲਾ ਫੜਿਆ ਗਿਆ । ਉਸਨੂੰ ਮਿਰਚਾਂ ਦੀ ਧੂਣੀ ਦਿੱਤੀ ਗਈ । ਤਪਦੀ ਦੁਪਹਿਰ ਵਿਚ ਲੋਹੇ ਦੀਆਂ ਚਾਦਰਾਂ 'ਤੇ ਖੜ੍ਹਾ ਕੀਤਾ ਗਿਆ । ਕਿੰਨੀਆਂ ਰਾਤਾਂ ਉਹਨੂੰ ਊਂਘਣ ਤੱਕ ਨਾ ਦਿੱਤਾ ਗਿਆ । ਪਰ ਉਹ ਨਾ ਮੰਨਿਆ । ਆਖ਼ਰ ਕਈ ਮਹੀਨਿਆਂ ਪਿਛੋਂ ਰਿਹਾ ਹੋ ਪਿੰਡ ਆ ਗਿਆ । ਜਦੋਂ ਉਹਨੇ ਵਿਹੜੇ 'ਚ ਪੈਰ ਪਾਇਆ ਤਾਂ ਉਹਦੀ ਮਾਂ ਭੱਜੀ ਆਈ ਅਤੇ ਮੱਥੇ 'ਤੇ ਇਕ ਲੰਮਾ ਚੁੰਮਣ ਦੇ ਬੋਲੀ—ਅਜੇ ਦੋ ਹੋਰ ਰਹਿੰਦੇ ਨੇ, ਮੇਰੇ ਲਾਲ ! ਰੰਗੇ ਦਾ ਕੋਈ ਨਾਂ ਲੈਣ ਵਾਲਾ ਨਾ ਰਹੇ ਤਾਂ ਹੀ ਬੱਤੀ ਧਾਰਾਂ ਬਖ਼ਸ਼ਾਂਗੀ । ਮੇਰੇ ਦੁੱਧ 'ਚ ਤੇਰੇ ਬਾਪ ਦਾ ਖ਼ੂਨ ਸੀ, ਮੌਲੇ, ਤੇਰੇ ਖ਼ੂਨ 'ਚ ਮੇਰਾ ਦੁੱਧ ਐ, ਤੇ ਵੇਖ ਤੇਰੇ ਗੰਡਾਸੇ ਨੂੰ ਮੈਂ ਜ਼ੰਗ ਨੀ ਲੱਗਣ ਦਿੱਤਾ ।

ਮੌਲਾ ਹੁਣ ਸਾਰੇ ਇਲਾਕੇ ਦੀ ਦਹਿਸ਼ਤ ਬਣ ਗਿਆ । ਉਹਦੀਆਂ ਮੁੱਛਾਂ ਨੂੰ ਦੋ ਦੋ ਵਲ ਆ ਗਏ । ਕੰਨਾਂ 'ਚ ਸੋਨੇ ਦੀਆਂ ਮੁਰਕੀਆਂ ਚਮਕਦੀਆਂ ਸਨ । ਹਾਥੀ ਦੰਦ ਦੀ ਚਮਕੀਲੀ ਕੰਘੀ ਉਹਦੀ ਕੰਨਪਟੀ 'ਤੇ ਚਮਕਣ ਲੱਗੀ । ਜਦੋਂ ਉਹ ਤੁਰਦਾ ਤਾਂ ਲੱਠੇ ਦੀ ਚਾਦਰ ਦਾ ਘੱਟੋ ਘੱਟ ਅੱਧਾ ਗਜ਼ ਤਾਂ ਪਿੱਛੇ ਪਿੱਛੇ ਧਰਤੀ ਹੂੰਝਦਾ ਜਾਂਦਾ । ਬਰੀਕ ਮਲਮਲ ਦੀ ਪੱਗ ਉਹਦੇ ਮੋਢੇ ਤੇ ਟਿਕੀ ਹੁੰਦੀ ਤੇ ਅਕਸਰ ਉਹਦਾ ਇਕ ਸਿਰਾ ਧਰਤੀ 'ਤੇ ਘਿਸੜਣ ਲਗਦਾ ਤੇ ਘਿਸੜਦਾ ਹੀ ਤੁਰਿਆ ਜਾਂਦਾ । ਮੌਲੇ ਦੇ ਹੱਥ ਵਿਚ ਉਹਦੇ ਕੱਦ ਨਾਲੋਂ ਕਿਤੇ ਲੰਮੀ ਤੇਲ ਪਲੀ ਡਾਂਗ ਹੁੰਦੀ ਤੇ ਜਦੋਂ ਉਹ ਗਲੀ ਦੇ ਕਿਸੇ ਮੋੜ ਜਾਂ ਚੁਰਾਹੇ 'ਤੇ ਬਹਿੰਦਾ ਤਾਂ ਡਾਂਗ ਜਿਹੜੇ ਅੰਦਾਜ਼ ਨਾਲ ਉਹਦੇ ਗੋਡੇ ਨਾਲ ਟਿਕ ਜਾਂਦੀ ਉਸੇ ਤਰ੍ਹਾਂ ਟਿਕੀ ਰਹਿੰਦੀ । ਲੰਘਣ ਵਾਲਿਆਂ ਦੀ ਮਜਾਲ ਨਹੀਂ ਸੀ ਕਿ ਉਹ ਮੌਲੇ ਨੂੰ ਡਾਂਗ ਪਾਸੇ ਕਰ ਲੈਣ ਲਈ ਆਖ ਵੀ ਸਕਣ । ਜੇ ਕਦੀ ਡਾਂਗ ਇਕ ਕੰਧ ਤੋਂ ਦੂਜੀ ਤੱਕ ਤਣ ਜਾਂਦੀ ਤਾਂ ਲੋਕ ਆਉਂਦੇ, ਮੌਲੇ ਵਲ ਵੇਖਦੇ, ਤੇ ਫਿਰ ਪਰਤਕੇ ਕਿਸੇ ਹੋਰ ਗਲੀ 'ਚੋਂ ਲੰਘ ਜਾਂਦੇ । ਤੀਵੀਆਂ ਤੇ ਬੱਚਿਆਂ ਨੇ ਤਾਂ ਉਹ ਗਲੀਆਂ ਹੀ ਤਿਆਗ ਦਿਤੀਆਂ ਜਿਥੇ



Sri Satguru Jagjit Singh Ji eLibrary NamdhariElibrary@gmail.com

ਮੌਲਾ ਬੈਠਣ ਦਾ ਆਦੀ ਸੀ। ਐਂਖ ਤਾਂ ਇਹ ਸੀ ਕਿ ਉਹਦੀ ਡਾਂਗ ਉੱਤੋਂ ਦੀ ਟੱਪ ਜਾਣ ਦਾ ਕਿਸੇ ਵਿਚ ਹੌਸਲਾ ਹੀ ਨਹੀਂ ਸੀ। ਇਕ ਵਾਰ ਇਕ ਅਜਨਬੀ ਨੌਜਵਾਨ ਉਸ ਗਲੀ 'ਚੋਂ ਲੰਘਣ ਲਗਿਆ। ਮੌਲਾ ਇਕ ਕੰਧ ਨਾਲ ਡਾਂਗ ਲਾਈ ਦੂਜੀ ਕੰਧ ਖੁਰਚ ਰਿਹਾ ਸੀ। ਅਜਨਬੀ ਡਾਂਗ ਉੱਤੋਂ ਦੀ ਲੰਘ ਗਿਆ। ਇਕਦਮ ਮੌਲੇ ਨੇ ਡੱਬ 'ਚੋਂ ਗੰਡਾਸਾ ਕੱਢ ਡਾਂਗ 'ਤੇ ਚੜ੍ਹਾਇਆ ਤੇ ਬੋਲਿਆ—ਖਲੋ ਜਾ ਛੋਕਰਿਆ! ਜਾਣਦੈਂ ਤੂੰ ਕੀਹਦੀ ਡਾਂਗ ਉੱਤੋਂ ਲੰਘਿਐਂ? ਇਹ ਮੌਲੇ ਦੀ ਡਾਂਗ ਐ...ਮੌਲੇ ਗੰਡਾਸੇ ਵਾਲੇ ਦੀ!

ਨੌਜਵਾਨ ਮੌਲੇ ਦਾ ਨਾਂ ਸੁਣਦਿਆਂ ਹੀ ਇਕਦਮ ਪੀਲਾ ਪੈ ਗਿਆ ਤੇ ਡਾਢੀ ਨਿਮਰਤਾ ਨਾਲ ਬੋਲਿਆ—ਮੈਨੂੰ ਪਤਾ ਨੀ ਸੀ, ਮੌਲੇ!

ਮੌਲੇ ਨੇ ਗੰਡਾਸਾ ਲਾਹ ਡੱਬ ਵਿਚ ਟੁੰਗ ਲਿਆ, ਤੇ ਇਕ ਸਿਰੇ ਨੂੰ ਨੌਜਵਾਨ ਦੇ ਢਿੱਡ ਤੇ ਪੋਲਾ ਜਿਹਾ ਦੱਬ ਬੋਲਿਆ—ਤਾਂ ਫੇਰ ਜਾਹ ਆਪਣਾ ਕੰਮ ਕਰ। ਫਿਰ ਉਹ ਡਾਂਗ ਇਧਰੋਂ ਉਧਰ ਫੈਲਾ ਬੈਠ ਗਿਆ।

ਮੌਲੇ ਦਾ ਲਿਬਾਸ, ਚਾਲ-ਢਾਲ, ਮੁੱਛਾਂ ਤੇ ਮੁਰਕੀਆਂ, ਅਤੇ ਸਭ ਤੋਂ ਵਧ ਉਹਦਾ ਅਲਬੇਲਾਪਨ—ਇਹ ਸਭ ਕੁਝ ਪਹਿਲਾਂ ਪਿੰਡ ਦੇ ਫੈਸ਼ਨ ਵਿਚ ਦਾਖਲ ਹੋਏ ਤੇ ਫਿਰ ਸਾਰੇ ਇਲਾਕੇ ਦਾ ਫੈਸ਼ਨ ਬਣ ਗਏ। ਪਰ ਹਾਂ, ਉਹਦੀ ਜਿਹੜੀ ਚੀਜ਼ ਫੈਸ਼ਨ ਨਾ ਬਣ ਸਕੀ ਉਹ ਸੀ ਉਹਦੀ ਡਾਂਗ, ਤੇਲ ਪਲੀ, ਪਿੱਤਲ ਦੇ ਕੋਕਿਆਂ ਨਾਲ ਜੜੀ, ਲੋਹੇ ਦੇ ਸੰਮਾਂ ਵਿਚ ਲਿਪਟੀ, ਗਲੀਆਂ ਦੇ ਕੰਕਰਾਂ ਤੇ ਵੱਜਦੀ, ਅਤੇ ਇਥੋਂ ਤੋਂ ਉਥੋਂ ਤਾਈਂ ਫੈਲੀ ਹੋਈ ਆਣ ਵਾਲਿਆਂ ਨੂੰ ਪਰਤਾ ਦੇਣ ਵਾਲੀ ਡਾਂਗ। ਤੇ ਫਿਰ ਉਹ ਗੰਡਾਸਾ ਜੀਹਦਾ ਮਿਆਨ ਮੌਲੇ ਦੀ ਡੱਬ ਸੀ ਤੇ ਜਿਸ ਉਤੇ ਉਹਦੀ ਮਾਂ ਜ਼ੰਗ ਦਾ ਇਕ ਧੱਬਾ ਵੀ ਨਹੀਂ ਸੀ ਵੇਖ ਸਕਦੀ। ਲੋਕ ਕਹਿੰਦੇ ਸਨ ਕਿ ਮੌਲਾ ਗਲੀਆਂ ਦੇ ਮੋੜਾਂ ਤੇ ਡਾਂਗ ਫੈਲਾਈ ਤੇ ਗੰਡਾਸਾ ਲੁਕਾਈ ਗੱਲੇ ਤੇ ਫੱਲੇ ਦੀ ਰਾਹ ਤੱਕਦਾ ਰਹਿੰਦਾ ਹੈ। ਕਾਦਰੇ ਦੇ ਕਤਲ ਅਤੇ ਮੌਲੇ ਦੀ ਰਿਹਾਈ ਪਿਛੋਂ ਫੱਲਾ ਫੌਜ ਵਿਚ ਭਰਤੀ ਹੋ ਗਿਆ ਸੀ। ਅਤੇ ਗੱਲੇ ਨੇ ਇਲਾਕੇ ਦੇ ਮਸ਼ਹੂਰ ਡੰਗਰ ਚੋਰ ਚੌਧਰੀ ਮੁਜ਼ੱਫਰ ਇਲਾਹੀ ਦੀ ਸ਼ਰਨ ਲੈ ਲਈ ਸੀ, ਜਿਥੇ ਉਹ ਚੌਧਰੀ ਦੇ ਹੋਰ ਨੌਕਰਾਂ ਨਾਲ ਝਨਾਂ ਅਤੇ ਰਾਵੀ ਤੋਂ ਬਲਦ ਤੇ ਗਾਈਆਂ ਮੱਝਾਂ ਚੋਰੀ ਕਰਕੇ ਲਿਆਉਂਦਾ। ਚੌਧਰੀ ਮੁਜ਼ੱਫਰ ਇਸ ਮਾਲ ਨੂੰ ਮੰਡੀਆਂ ਵਿਚ ਵੇਚ ਅਮੀਰਾਂ, ਵਜ਼ੀਰਾਂ ਅਤੇ ਲੀਡਰਾਂ ਨੂੰ ਵੱਡੀਆਂ ਵੱਡੀਆਂ ਦਾਅਵਤਾਂ ਦਿੰਦਾ ਤੇ ਅਖਬਾਰਾਂ ਵਿਚ ਨਾਂ ਛਪਵਾਉਂਦਾ। ਜਦੋਂ ਝਨਾਂ ਤੇ ਰਾਵੀ ਦੇ ਖੋਜੀ ਡੰਗਰਾਂ ਦੇ ਖੁਰਾਂ ਦੇ ਨਾਲ ਨਾਲ ਤੁਰਦੇ ਚੌਧਰੀ ਦੇ ਕਸਬੇ ਕੋਲ ਆ ਨਿਕਲਦੇ ਤਾਂ ਮਨ ਹੀ ਮਨ 'ਚ ਆਖਦੇ—ਸਾਡਾ ਮੱਥਾ ਤਾਂ ਪਹਿਲਾਂ ਹੀ ਠਣਕਿਆ ਸੀ। ਉਹਨਾਂ ਨੂੰ ਪਤਾ ਸੀ ਕਿ ਜੇ ਖੁਰਾਂ ਦੇ ਨਾਲ ਨਾਲ ਚੌਧਰੀ ਦੇ ਘਰ ਤਕ ਪੁਜ ਗਏ ਤਾਂ ਫਿਰ ਲੋਕ ਡੰਗਰਾਂ ਦੀ ਥਾਂ ਖੋਜੀਆਂ ਦੀ ਖੋਜ ਲਾਉਂਦੇ ਫਿਰਨਗੇ, ਪਰ ਲਾ ਨਹੀਂ ਸਕਣਗੇ। ਉਹ ਚੌਧਰੀ ਦੇ ਡਰੋਂ ਕਸਬੇ ਦੇ ਇਕ ਪਾਸਿਓਂ ਨਿਕਲ ਥਲਾਂ ਦੇ ਰੇਤੇ ਵਿਚ ਪੁਜ ਇਹ ਆਖ ਪਰਤ ਆਉਂਦੇ—ਖੁਰਾਂ ਦੇ ਨਿਸ਼ਾਨ ਏਥੋਂ ਅਗਾਂਹ ਨਹੀਂ ਲੱਭ ਰਹੇ।

ਮੌਲੇ ਨੇ ਚੌਧਰੀ ਮੁਜ਼ੱਫਰ ਅਤੇ ਉਹਦੇ ਫੈਲੇ ਹੋਏ ਹੱਥਾਂ ਬਾਰੇ ਸੁਣਿਆ ਹੋਇਆ ਸੀ। ਉਹਨੂੰ ਕੁਝ ਇੰਝ ਜਾਪਦਾ ਜਿਵੇਂ ਸਾਰੇ ਇਲਾਕੇ 'ਚ ਸਿਰਫ ਇਹ ਚੌਧਰੀ ਹੀ ਹੈ ਜਿਹੜਾ ਉਹਦੀ ਡਾਂਗ ਟੱਪ ਸਕਦਾ ਹੈ—ਪਰ ਖ਼ੈਰ, ਹਾਲੀਂ ਤਾਂ ਉਹਨੂੰ ਰੰਗੇ ਦੇ ਦੋਹਾਂ ਮੁੰਡਿਆਂ ਦੀ ਉਡੀਕ ਸੀ।

ਤਾਜੇ ਨੇ ਉਹਨੂੰ ਬਹੁਤ ਸਮਝਾਇਆ ਕਿ ਤੂੰ ਬਾਪ ਦਾ ਬਦਲਾ ਲੈਣਾ ਸੀ ਉਹ ਲੈ ਲਿਆ। ਹੁਣ ਇਹ ਛਟੇ ਹੋਏ ਬਦਮਾਸ਼ਾਂ ਵਾਲੇ ਚਾਲੇ ਤੈਨੂੰ ਸੋਭਦੇ ਨਹੀਂ। ਕੰਮ ਦਾ ਨਾਂ ਕਾਜ ਦਾ, ਵੈਰੀ ਅਨਾਜ ਦਾ। ਤਾਜੇ ਨੇ ਵੱਡੇ ਭਰਾ ਵਾਂਗ ਉਹਨੂੰ ਡਾਂਟਦਿਆਂ ਆਖਿਆ—ਹੋਰ ਕੁਝ ਨੀ ਤਾਂ ਆਪਣੀਆਂ ਜ਼ਮੀਨਾਂ ਦੀ ਹੀ ਦੇਖਭਾਲ ਕਰ ਲਿਆ ਕਰ। ਇਹ ਕੀ ਗੱਲ ਹੋਈ ਕਿ ਸਵੇਰ ਤੋਂ ਸ਼ਾਮ ਤਾਈਂ ਡਾਂਗ ਫੈਲਾਈ ਬੈਠਾ ਰਹਿਨੈਂ ਅਤੇ ਮਰਾਸੀਆਂ ਤੇ ਨਾਈਆਂ ਤੋਂ ਬੁੱਤੀਆਂ ਕਰਵਾਉਂਦਾ ਰਹਿਨੈਂ। ਤੈਨੂੰ ਸ਼ਾਇਦ ਪਤਾ ਨੀ ਮੌਲੇ! ਜੇ ਨਹੀਂ ਤਾਂ ਸੁਣ ਲੈ ਕਿ ਮਾਵਾਂ ਬੱਚਿਆਂ ਨੂੰ ਤੇਰਾ ਨਾਂ ਲੈ ਕੇ ਡਰਾਉਂਦੀਆਂ ਨੇ। ਤੇ ਕੁੜੀਆਂ ਤਾਂ ਤੇਰਾ ਨਾ ਲੈ ਥੁੱਕ ਦਿੰਦੀਆਂ ਨੇ। ਜੇ ਕਿਸੇ ਨੂੰ ਦੁਰਸੀਸ ਦੇਣੀ ਹੋਵੇ ਤਾਂ ਕਹਿੰਦੀਆਂ ਨੇ—ਅੱਲਾ ਕਰੇ ਤੈਨੂੰ ਮੌਲਾ ਵਿਆਹ ਖੜੇ! ਸੁਣਦਾ ਏਂ ਮੌਲੇ?

ਪਰ ਮੌਲੇ ਨੇ ਜਿਹੜੀ ਭੱਠੀ ਵਿਚ ਛਾਲ ਮਾਰੀ ਸੀ ਉਹਦੇ ਵਿਚ ਪੱਕ ਕੇ ਰੜ ਚੁਕਿਆ ਸੀ। ਬੋਲਿਆ—ਪਰ੍ਹਾਂ ਜਾ ਤਾਜਿਆ, ਆਪਣਾ ਕੰਮ ਕਰ। ਸਾਰੇ ਪਿੰਡ ਦੀਆਂ ਗਾਲ੍ਹਾਂ ਸਮੇਟ ਮੇਰੇ ਕੋਲ ਢੇਰ ਲਾਉਣ ਆਇਐਂ? ਯਾਰੀ ਪਾਲਣੀ ਬੜੇ ਜਿਗਰੇ ਦੀ ਗੱਲ ਐ, ਪੱਠਿਆ! ਜੇ ਤੇਰਾ ਮਨ ਹਿੱਲ ਗਿਐ ਤਾਂ ਮੇਰੀਆਂ ਅੱਖਾਂ 'ਚ ਧੂੜ ਕਿਉਂ ਪਾਉਨਾ ਏਂ? ਜਾਹ ਆਪਣਾ ਕੰਮ ਕਰ। ਮੇਰੇ ਗੰਡਾਸੇ ਦੀ ਪਿਆਸ ਹਾਲੀਂ ਬੁਝੀ ਨਹੀਂ—ਜਾਹ!! ਉਹਨੇ ਅਪਣੀ ਡਾਂਗ ਕੰਕਰਾਂ



Sri Satguru Jagjit Singh Ji eLibrary NamdhariElibrary@gmail.com

'ਤੇ ਮਾਰੀ ਤੇ ਸਾਹਮਣੇ ਵਾਲੇ ਘਰ 'ਚੋਂ ਮਰਾਸੀ ਨੂੰ ਹਾਕ ਮਾਰੀ—ਓਏ, ਅਜੇ ਤੱਕ ਚਿਲਮ ਤਾਜ਼ੀ ਨਹੀਂ ਕੀਤੀ ਉੱਲੂ ਦਿਆ ਪੱਠਿਆ ? ਜਾ ਕੇ ਤੀਵੀਂ ਦੀ ਗੋਦੀ 'ਚ ਸੌਂ ਗਿਐਂ । ਚਿਲਮ ਲਿਆ !

ਤਾਜਾ ਚਲਿਆ ਗਿਆ । ਪਰ ਗਲੀ ਦੇ ਮੋੜ 'ਤੇ ਰੁਕ ਉਹਨੇ ਪਰਤ ਕੇ ਮੌਲੇ ਵਲ ਕੁਝ ਇੰਝ ਵੇਖਿਆ ਜਿਵੇਂ ਉਹਦੀ ਜਵਾਨੀ 'ਤੇ ਫੁੱਟ ਫੁੱਟ ਕੇ ਰੋ ਪਏਗਾ ।

ਮੌਲਾ ਵੀ ਟੇਢੀ ਨਜ਼ਰ ਨਾਲ ਉਹਨੂੰ ਤੱਕ ਰਿਹਾ ਸੀ । ਉਠਿਆ ਅਤੇ ਡਾਂਗ ਨੂੰ ਆਪਣੇ ਪਿੱਛੇ ਘਸੀਟਦਾ ਉਹਦੇ ਕੋਲ ਆ ਬੋਲਿਆ-ਵੇਖ ਤਾਜੇ ਮੈਨੂੰ ਇੰਝ ਲਗਦੈ ਜਿਵੇਂ ਤੂੰ ਮੇਰੇ 'ਤੇ ਤਰਸ ਖਾ ਰਿਹੈਂ, ਇਸ ਲਈ ਕਿਸੇ ਸਮੇਂ ਆਪਣੀ ਯਾਰੀ ਸੀ । ਪਰ ਹੁਣ ਉਹ ਯਾਰੀ ਟੁੱਟ ਗਈ ਐ, ਤਾਜਿਆ । ਤੂੰ ਜੇ ਮੇਰਾ ਸਾਥ ਨਹੀਂ ਦੇ ਸਕਦਾ ਤਾਂ ਫੇਰ ਅਜਿਹੀ ਯਾਰੀ ਨੂੰ ਚੱਟਣੈ ? ਮੇਰੇ ਬਾਪ ਦਾ ਖ਼ੂਨ ਏਨਾ ਸਸਤਾ ਨਹੀਂ ਸੀ ਕਿ ਰੰਗੇ ਅਤੇ ਉਹਦੇ ਇਕੋ ਮੁੰਡੇ ਦੇ ਖੂਨ ਨਾਲ ਹਿਸਾਬ ਮੁੱਕ ਜਾਂਦਾ—ਮੇਰਾ ਗੰਡਾਸਾ ਤਾਂ ਹਾਲੀਂ ਉਹਦੇ ਪੋਤੇ ਪੋਤੀਆਂ, ਦੋਹਤੇ ਦੋਹਤੀਆਂ ਤੱਕ ਪੁਜੇਗਾ । ਇਸ ਲਈ ਜਾਹ, ਆਪਣਾ ਕੰਮ ਕਰ । ਤੇਰੀ ਮੇਰੀ ਯਾਰੀ ਖ਼ਤਮ । ਇਸ ਲਈ ਮੇਰੇ 'ਤੇ ਤਰਸ ਨਾ ਕਰਿਆ ਕਰ । ਜੇ ਕੋਈ ਮੇਰੇ 'ਤੇ ਤਰਸ ਖਾਵੇ ਤਾਂ ਸੇਕ ਮੇਰੇ ਗੰਡਾਸੇ ਨੂੰ ਜਾ ਪੁਜਦਾ ਏ । ਜਾਹ !

ਪਰਤ ਕੇ ਜਦੋਂ ਮੌਲੇ ਨੇ ਮਰਾਸੀ ਤੋਂ ਚਿਲਮ ਫੜ ਕਸ਼ ਖਿਚਿਆ ਤਾਂ ਸੁਲਫ਼ਾ ਉਭਰ ਕੇ ਖਿੰਡ ਗਿਆ । ਇਕ ਚਿੰਗਿਆੜਾ ਉਹਦੇ ਹੱਥ 'ਤੇ ਆ ਡਿਗਿਆ ਤੇ ਇਕ ਪਲ ਉਥੇ ਹੀ ਚਮਕਦਾ ਰਿਹਾ । ਮਰਾਸੀ ਨੇ ਚਿੰਗਿਆੜੇ ਨੂੰ ਝਾੜਨਾ ਚਾਹਿਆ ਪਰ ਮੌਲੇ ਨੇ ਉਹਦੇ ਹੱਥ 'ਤੇ ਇੰਨੇ ਜ਼ੋਰ ਨਾਲ ਹੱਥ ਮਾਰਿਆ ਕਿ ਮਰਾਸੀ ਵੱਟ ਖਾ ਕੇ ਰਹਿ ਗਿਆ ਤੇ ਹੱਥ ਨੂੰ ਘੁੱਟਦਿਆਂ ਪਾਸੇ ਹਟ ਗਿਆ ਤੇ ਮੌਲਾ ਗਰਜਿਆ—ਤਰਸ ਖਾਂਦੇ ਹਰਾਮਜ਼ਾਦਾ ।

ਉਹਨੇ ਚਿਲਮ ਸਾਹਮਣੀ ਕੰਧ ਨਾਲ ਦੇ ਮਾਰੀ ਤੇ ਡਾਂਗ ਚੁਕ ਇਕ ਪਾਸੇ ਤੁਰ ਗਿਆ ।

ਲੋਕਾਂ ਨੇ ਮੌਲੇ ਨੂੰ ਇਕ ਨਵੀਂ ਗਲੀ ਦੇ ਚੌਰਾਹੇ 'ਤੇ ਬੈਠਿਆਂ ਤਕਿਆ ਤਾਂ ਤ੍ਰਬਕ ਗਏ ਤੇ ਹੌਲੀ ਹੌਲੀ ਗੱਲਾਂ ਕਰਦੇ ਇਧਰ ਉਧਰ ਖਿੰਡ ਗਏ । ਤੀਵੀਆਂ ਸਿਰਾਂ 'ਤੇ ਘੜੇ ਚੁਕੀਂ ਆਈਆਂ ਤੇ 'ਹਾਏ' ਕਹਿੰਦੀਆਂ ਪਰਤ ਗਈਆਂ । ਮੌਲੇ ਦੀ ਡਾਂਗ ਇਧਰੋਂ ਉਧਰ ਵਿਛੀ ਹੋਈ ਸੀ ਤੇ ਲੋਕਾਂ ਦੇ ਖ਼ਿਆਲ ਵਿਚ ਉਹਦੇ ਸਿਰ 'ਤੇ ਖ਼ੂਨ ਸਵਾਰ ਸੀ । ਮੌਲਾ ਇਸ ਸਮੇਂ ਦੂਰ ਮਸੀਤ ਦੇ ਮੁਨਾਰੇ ਉਤੇ ਬੈਠੀ ਇੱਲ੍ਹ ਵਲ ਤੱਕੀ ਜਾ ਰਿਹਾ ਸੀ ।

ਅਚਾਨਕ ਉਹਨੂੰ ਕੰਕਰਾਂ 'ਤੇ ਡਾਂਗ ਖੜਕਣ ਦੀ ਆਵਾਜ਼ ਆਈ । ਤ੍ਰਬਕ ਕੇ ਵੇਖਿਆ ਕਿ ਇਕ ਮੁਟਿਆਰ ਨੇ ਉਹਦੀ ਡਾਂਗ ਚੁੱਕ ਕੰਧ ਨਾਲ ਖੜ੍ਹੀ ਕਰ ਦਿੱਤੀ ਹੈ ਤੇ ਆਪ ਲੰਮੀਆਂ ਲੰਮੀਆਂ ਲਾਲ ਮਿਰਚਾਂ ਚੁਗ ਰਹੀ ਹੈ ਜਿਹੜੀਆਂ ਝੁਕਣ ਲਗਿਆਂ ਉਹਦੀ ਗੰਢੜੀ 'ਚੋਂ ਡਿਗ ਪਈਆਂ ਸਨ । ਮੌਲਾ ਹੈਰਾਨ ਰਹਿ ਗਿਆ । ਡਾਂਗ ਉਤੋਂ ਲੰਘਣਾ ਤਾਂ ਇਕ ਪਾਸੇ ਰਿਹਾ, ਉਹਨੇ, ਇਕ ਔਰਤ ਜ਼ਾਤ ਨੇ, ਡਾਂਗ ਨੂੰ ਇਕ ਗੰਦੇ ਚੀਥੜੇ ਵਾਂਗ ਚੁਕ ਪਾਸੇ ਸੁੱਟ ਦਿਤਾ ਤੇ ਆਪ ਬੜੀ ਤਸੱਲੀ ਨਾਲ ਮੌਲੇ ਸਾਹਵੇਂ ਬੈਠੀ ਮਿਰਚਾਂ ਚੁਗ ਰਹੀ ਹੈ ? ਤੇ ਜਦੋਂ ਮੌਲੇ ਨੇ ਕੜਕ ਕੇ ਆਖਿਆ—ਜਾਣਦੀ ਏਂ ਤੂੰ ਕੀਹਦੀ ਡਾਂਗ ਨੂੰ ਹੱਥ ਲਾਇਐ ? ਜਾਣਦੀ ਏਂ ਮੈਂ ਕੌਣ ਆਂ ?—ਤਾਂ ਮੁਟਿਆਰ ਨੇ ਹੱਥ ਉਤਾਂਹ ਚੁਕ ਚੁਗੀਆਂ ਹੋਈਆਂ ਮਿਰਚਾਂ ਗੰਢੜੀ ਵਿਚ ਪਾਉਂਦਿਆਂ ਆਖਿਆ—ਕੋਈ ਪਾਗਲ ਜਾਪਦੈਂ !

ਮੌਲਾ ਗੁੱਸਾ ਖਾ ਉਠ ਖਲੋਤਾ । ਲੜਕੀ ਵੀ ਖਲੋ ਗਈ ਅਤੇ ਉਹਦੀਆਂ ਅੱਖਾਂ 'ਚ ਅੱਖਾਂ ਪਾ ਜ਼ਰਾ ਨਰਮੀ ਨਾਲ ਬੋਲੀ—ਇਸੇ ਲਈ ਤਾਂ ਮੈਂ ਤੇਰੀ ਡਾਂਗ ਤੇਰੇ ਸਿਰ 'ਚ ਨੀ ਮਾਰੀ । ਤੂੰ ਇੰਝ ਲੁੱਟਿਆ ਲੁੱਟਿਆ ਜਿਹਾ ਲਗਦਾ ਸੈਂ, ਮੈਨੂੰ ਤਰਸ ਆ ਗਿਆ ਸੀ ਤੇਰੇ ਤੇ...

—ਤਰਸ ਆ ਗਿਆ ਸੀ ਤੈਨੂੰ ਮੇਰੇ 'ਤੇ ? ਮੌਲੇ ਤੇ ?—ਮੌਲਾ ਚੀਕਿਆ ।

—ਮੌਲਾ ?—ਮੁਟਿਆਰ ਨੇ ਗੰਢੜੀ ਦੋਹਾਂ ਹੱਥਾਂ ਨਾਲ ਸੰਭਾਲ ਲਈ ਤੇ ਜ਼ਰਾ ਤ੍ਰਬਕ ਵੀ ਗਈ ।

—ਹਾਂ, ਮੌਲਾ, ਗੰਡਾਸੇ ਵਾਲਾ । ਮੌਲੇ ਨੇ ਬੜੇ ਮਾਣ ਨਾਲ ਆਖਿਆ ।

ਤੇ ਮੁਟਿਆਰ ਜ਼ਰਾ ਕੁ ਮੁਸਕਾ ਗਲੀ ਵਿਚ ਤੁਰਨ ਲੱਗੀ ।

ਮੌਲਾ ਕੁਝ ਦੇਰ ਚੁਪਚਾਪ ਖਲੋਤਾ ਰਿਹਾ । ਫਿਰ ਇਕ ਲੰਮਾ ਸਾਹ ਲੈ ਕੰਧ ਨਾਲ ਲੱਗ ਬਹਿ ਗਿਆ । ਡਾਂਗ ਨੂੰ ਸਾਹਮਣੀ ਕੰਧ ਤੀਕ ਫੈਲਾ ਲਿਆ । ਉਹਨੇ ਇਕ ਅੱਧਖੜ ਉਮਰ ਦੀ ਔਰਤ ਆਉਂਦੀ ਤੱਕੀ ਜਿਹੜੀ ਮੌਲੇ ਨੂੰ ਵੇਖ ਝਿਜਕ ਗਈ । ਪਰ ਮੌਲਾ ਡਾਂਗ ਪਾਸੇ ਕਰਦਿਆਂ ਬੋਲਿਆ—ਆ ਜਾ ਮਾਸੀ ਆ ਜਾ । ਮੈਂ ਤੈਨੂੰ ਖਾ ਥੋੜਾ ਜਾਵਾਂਗਾ ।

ਘਾਬਰੀ ਹੋਈ ਔਰਤ ਮੌਲੇ ਕੋਲੋਂ ਲੰਘਦਿਆਂ ਬੋਲੀ—ਕਿੰਨਾ ਝੂਠ ਬਕਦੇ ਨੇ ਲੋਕ । ਕਹਿੰਦੇ ਨੇ ਜਿਥੇ ਮੌਲਾ ਬੈਠਾ ਹੋਵੇ ਉਥੋਂ ਹਲਕਾਇਆ ਕੁੱਤਾ ਵੀ ਸਹਿਮਕੇ ਲੰਘਦੈ—ਪਰ



Sri Satguru Jagjit Singh Ji eLibrary NamdhariElibrary@gmail.com

ਤੂੰ ਮੇਰੇ ਲਈ ਆਪਣੀ ਡਾਂਗ...

—ਕੌਣ ਕਹਿੰਦੈ ? ਮੌਲਾ ਉੱਠ ਖਲੋਤਾ।

—ਸਾਰੇ ਈ ਕਹਿੰਦੇ ਨੇ, ਸਾਰਾ ਪਿੰਡ ਕਹਿੰਦੈ। ਹੁਣੇ ਹੁਣੇ ਖੂਹ 'ਤੇ ਵੀ ਏਹੀ ਗੱਲਾਂ ਹੋ ਰਹੀਆਂ ਸਨ। ਪਰ ਮੈਂ ਤਾਂ ਆਪਣੀਆਂ ਅੱਖਾਂ ਨਾਲ ਵੇਖ ਲਿਆ ਕਿ ਮੌਲਾ ਬਖਸ਼...

ਪਰ ਹੁਣ ਤਕ ਮੌਲਾ ਉਸ ਗਲੀ ਵਲ ਨੱਸ ਗਿਆ ਸੀ ਜਿਧਰ ਹੁਣੇ ਹੁਣੇ ਮੁਟਿਆਰ ਗਈ ਸੀ। ਉਹ ਤੇਜ਼ ਕਦਮ ਤੁਰਦਾ ਗਿਆ। ਆਖਰ ਉਹਨੂੰ ਦੂਰ ਲੰਮੀ ਗਲੀ ਦੇ ਸਿਰੇ 'ਤੇ ਉਹੀ ਮੁਟਿਆਰ ਜਾਂਦੀ ਨਜ਼ਰ ਆਈ। ਉਹ ਨੱਸ ਪਿਆ। ਵਿਹੜਿਆਂ ਵਿਚ ਬੈਠੀਆਂ ਔਰਤਾਂ ਬੂਹਿਆਂ ਵਿਚ ਆ ਖਲੋਤੀਆਂ ਤੇ ਬੱਚੇ ਛੱਤਾਂ 'ਤੇ ਚੜ੍ਹ ਗਏ। ਮੌਲੇ ਦਾ ਗਲੀ ਵਿਚ ਨੱਸਣਾ ਕਿਸੇ ਦੁਰਘਟਨਾ ਦਾ ਚਿੰਨ੍ਹ ਹੋ ਸਕਦਾ ਸੀ। ਮੁਟਿਆਰ ਨੇ ਵੀ ਉਹਦੇ ਪੈਰਾਂ ਦੀ ਬਿੜਕ ਲੈ ਲਈ। ਉਹ ਧਰਤੀ ਤੇ ਉਥੇ ਹੀ ਜੰਮ ਕੇ ਖਲੋ ਗਈ। ਉਹਨੇ ਬਸ ਇੰਨਾ ਹੀ ਕੀਤਾ ਕਿ ਆਪਣੀ ਗੰਢੜੀ ਦੋਂਹ ਹੱਥਾਂ ਨਾਲ ਥੰਮ੍ਹ ਲਈ। ਕੁਝ ਮਿਰਚਾਂ ਮਘਦੇ ਚੰਗਿਆੜਿਆਂ ਵਾਂਗ ਉਹਦੇ ਪੈਰਾਂ 'ਚ ਖਿੰਡ ਗਈਆਂ।

—ਮੈਂ ਤੈਨੂੰ ਕੁਝ ਨੀ ਆਖਦਾ, ਮੌਲਾ ਬੋਲਿਆ—ਕੁਝ ਨੀ ਆਖਾਂਗਾ ਤੈਨੂੰ।

—ਮੈਂ ਕੋਈ ਡਰਕੇ ਥੋਹੜੇ ਰੁਕੀ ਆਂ। ਡਰਨ ਮੇਰੇ ਦੁਸ਼ਮਣ !

ਮੌਲਾ ਰੁਕ ਗਿਆ। ਫਿਰ ਹੌਲੀ ਹੌਲੀ ਉਹਦੇ ਕੋਲ ਆ ਬੋਲਿਆ—ਬਸ ਏਨਾ ਦੱਸਦੇ ਤੂੰ ਹੈਂ ਕੌਣ ?—ਕੌਣ ਏਂ ਤੂੰ ?

ਮੁਟਿਆਰ ਜ਼ਰਾ ਮੁਸਕਰਾ ਪਈ।

ਪਿਛੋਂ ਕਿਸੇ ਬੁੱਢੀ ਦੀ ਵਾਜ ਆਈ—ਏਹ ਰੰਗੇ ਦੇ ਛੋਟੇ ਮੁੰਡੇ ਦੀ ਮੰਗੇਤਰ ਰਾਜੋ ਐ, ਮੌਲਾ ਬਖਸ਼ !

ਮੌਲਾ ਅੱਖਾਂ ਪਾੜ ਪਾੜ ਰਾਜੋ ਵਲ ਤੱਕਣ ਲਗਿਆ। ਉਹਨੂੰ ਰਾਜੋ ਕੋਲ ਰੰਗਾ ਅਤੇ ਉਹਦਾ ਸਾਰਾ ਖਾਨਦਾਨ ਖਲੋਤਾ ਵਿਖਾਈ ਦਿੱਤਾ। ਉਹਦਾ ਹੱਥ ਇਕਦਮ ਡੱਬ ਤੱਕ ਗਿਆ, ਪਰ ਫਿਰ ਰੱਸੇ ਵਾਂਗ ਲਮਕ ਗਿਆ। ਰਾਜੋ ਮੁੜੀ ਤੇ ਬੜੀ ਅਡੋਲਤਾ ਨਾਲ ਤੁਰਨ ਲੱਗੀ।

ਮੌਲੇ ਨੇ ਡਾਂਗ ਪਾਸੇ ਸੁੱਟ ਆਖਿਆ—ਠਹਿਰੀਂ ਰਾਜੋ, ਆਹ ਆਪਣੀਆਂ ਮਿਰਚਾਂ ਲੈਂਦੀ ਜਾਹ।

ਰਾਜੋ ਰੁਕ ਗਈ। ਮੌਲੇ ਨੇ ਝੁਕ ਕੇ ਇਕ ਇਕ ਮਿਰਚ ਚੁਗ ਲਈ। ਫਿਰ ਆਪਣੇ ਹੱਥਾਂ ਨਾਲ ਰਾਜੋ ਦੀ ਗੰਢੜੀ ਵਿਚ ਪਾਉਂਦਾ ਬੋਲਿਆ—ਤੈਨੂੰ ਮੇਰੇ 'ਤੇ ਤਰਸ ਆਇਆ ਸੀ ਨਾ, ਰਾਜੋ ?

ਪਰ ਰਾਜੋ ਇਕ ਦਮ ਗੰਭੀਰ ਹੋ ਗਈ ਤੇ ਆਪਣੇ ਰਾਹ ਤੁਰ ਪਈ। ਮੌਲਾ ਵੀ ਮੁੜ ਗਿਆ। ਹਾਲੀਂ ਕੁਝ ਦੂਰ ਹੀ ਗਿਆ ਸੀ ਕਿ ਉਸੇ ਬੁੱਢੀ ਨੇ ਹਾਕ ਮਾਰੀ—ਇਹ ਤੇਰੀ ਡਾਂਗ ਤਾਂ ਏਥੇ ਈ ਰਹਿ ਗਈ, ਮੌਲਾ ਬਖ਼ਸ਼ !

ਮੌਲੇ ਨੇ ਪਰਤ ਕੇ ਆਪਣੀ ਡਾਂਗ ਚੁਕੀ ਤੇ ਬੁਢੀ ਨੂੰ ਪੁਛਣ ਲੱਗਿਆ—ਮਾਸੀ, ਇਹ ਕੁੜੀ ਰਾਜੋ ਏਥੋਂ ਦੀ ਈ ਰਹਿਣ ਵਾਲੀ ਐ ? ਮੈਂ ਤਾਂ ਏਹਨੂੰ ਕਦੀ ਵੇਖਿਆ ਨੀ।

—ਏਥੋਂ ਦੀ ਹੈ ਵੀ ਪੁੱਤਰ ਤੇ ਨਹੀਂ ਵੀ, ਬੁੱਢੀ ਨੇ ਦਸਿਆ, ਏਹਦੇ ਬਾਪ ਨੇ ਲਾਮ 'ਚ ਦੋਵੇਂ ਪੁੱਤਰ ਮਰਨ ਪਿਛੋਂ ਜਦੋਂ ਵੇਖਿਆ ਕਿ ਹਰ ਰੰਜ਼ ਹਲ ਪੰਜਾਲੀ ਚੁੱਕ ਏਨੀ ਦੂਰ ਖੇਤਾਂ 'ਚ ਨਹੀਂ ਜਾ ਸਕਦਾ ਤਾਂ ਪਿੰਡ ਵਾਲੇ ਘਰ ਦੀ ਛੱਤ ਉਧੇੜ ਏਥੋਂ ਦੋ ਢਾਈ ਕੋਹ ਇਕ ਢੋਕ ਬਣਾ ਲਈ। ਉਥੇ ਈ ਰਾਜੋ ਆਪਣੇ ਬਾਪ ਕੋਲ ਰਹਿੰਦੀ ਐ। ਦੂਜੇ ਚੌਥੇ ਪਿੰਡ 'ਚ ਸੌਦਾ ਪੱਤਾ ਖ਼ਰੀਦਣ ਆ ਜਾਂਦੀ ਐ ਤੇ ਬੱਸ।

ਮੌਲਾ ਜਵਾਬ ਵਿਚ ਸਿਰਫ 'ਹੂੰ' ਆਖ ਵਾਪਸ ਤੁਰ ਗਿਆ। ਪਰ ਸਾਰੇ ਪਿੰਡ 'ਚ ਇਹ ਖ਼ਬਰ ਹਨੇਰੀ ਵਾਂਗ ਘੁੰਮ ਗਈ ਕਿ ਅੱਜ ਮੌਲਾ ਆਪਣੀ ਡਾਂਗ ਇਕ ਥਾਂ ਰਖ ਕੇ ਭੁੱਲ ਗਿਆ। ਗੱਲਾਂ ਗੱਲਾਂ 'ਚ ਰਾਜੋ ਦਾ ਵੀ ਇਕ ਦੋ ਵਾਰ ਨਾਂ ਆਇਆ ਪਰ ਫਿਰ ਦੱਬ ਗਿਆ। ਰੰਗੇ ਦੇ ਘਰਾਣੇ ਤੇ ਮੌਲੇ ਵਿਚਕਾਰ ਸਿਰਫ਼ ਗੰਡਾਸੇ ਦਾ ਹੀ ਰਿਸ਼ਤਾ ਸੀ ਨਾ, ਤੇ ਰਾਜੋ ਰੰਗੇ ਦੇ ਹੀ ਮੁੰਡੇ ਦੀ ਮੰਗੇਤਰ ਸੀ, ਤੇ ਆਪਣੀ ਜਾਨ ਕੀਹਨੂੰ ਪਿਆਰੀ ਨਹੀਂ ਹੁੰਦਾ ?

ਇਸ ਘਟਨਾ ਪਿਛੋਂ ਮੌਲਾ ਗਲੀਆਂ ਵਿਚੋਂ ਗ਼ਾਇਬ ਹੋ ਗਿਆ। ਸਾਰਾ ਦਿਨ ਘਰ ਬੈਠਾ ਵਿਹੜੇ ਦੀ ਮਿੱਟੀ ਖੁਰਚਦਾ ਰਹਿੰਦਾ, ਤੇ ਜੇ ਕਦੀ ਬਾਹਰ ਜਾਂਦਾ ਵੀ ਤਾਂ ਖੇਤਾਂ, ਚਰਾਂਦਾਂ ਵਿਚ ਘੁੰਮ ਫਿਰ ਪਰਤ ਆਉਂਦਾ। ਮਾਂ ਉਹਦੇ ਵਤੀਰੇ 'ਤੇ ਹੈਰਾਨ ਹੋਈ ਤੇ ਹੈਰਾਨੀ ਤੀਕ ਹੀ ਸੀਮਿਤ ਰਹੀ। ਉਹਨੂੰ ਪਤਾ ਸੀ ਕਿ ਉਹਦੇ ਸਿਰ ਉਤੇ ਬਹੁਤ ਸਾਰੇ ਖ਼ੂਨ ਸਵਾਰ ਹਨ—ਉਹ ਵੀ ਜਿਹੜੇ ਕਰ ਦਿਤੇ ਗਏ ਤੇ ਉਹ ਵੀ ਜਿਹੜੇ ਹਾਲੀਂ ਕੀਤੇ ਨਹੀਂ ਜਾ ਸਕੇ।

ਇਹ ਰੋਜ਼ਿਆਂ ਦੇ ਦਿਨ ਸਨ। ਢੋਲ ਪਿੱਟ ਪਿੱਟ ਚੁਪ ਹੋ ਗਏ ਸਨ। ਘਰਾਂ ਵਿਚ ਸਰਘੀ ਦੀਆਂ ਤਿਆਰੀਆਂ ਹੋ ਰਹੀਆਂ ਸਨ। ਚਾਟੀਆਂ ਵਿਚ ਮਧਾਣੀਆਂ ਤੇ ਤਵਿਆਂ 'ਤੇ ਰੋਟੀਆਂ ਦੀਆਂ ਆਵਾਜ਼ਾਂ ਮੰਦਰਾਂ ਦੀਆਂ ਘੰਟੀਆਂ ਵਾਂਗ ਪ੍ਰਭਾਵਸ਼ਾਲੀ ਲੱਗ ਰਹੀਆਂ ਸਨ। ਮੌਲੇ ਦੀ ਮਾਂ ਵੀ ਚੁਲ੍ਹਾ ਤਪਾਈ ਬੈਠੀ ਸੀ ਤੇ ਮੌਲਾ ਕੋਠੇ 'ਤੇ ਪਿਆ ਅਸਮਾਨ ਨੂੰ



Sri Satguru Jagjit Singh Ji eLibrary NamdhariElibrary@gmail.com

ਘੂਰ ਰਿਹਾ ਸੀ ! ਇਕ ਦਮ ਕਿਸੇ ਗਲੀ 'ਚ ਸ਼ੋਰ ਮੱਚ ਗਿਆ । ਮੌਲੇ ਨੇ ਫੌਰਨ ਡਾਂਗ 'ਤੇ ਗੰਡਾਸਾ ਚੜ੍ਹਾਇਆ ਤੇ ਕੋਠੇ ਤੋਂ ਉਤਰ ਗਲੀ ਵਿਚ ਨੱਸ ਗਿਆ । ਹਰ ਪਾਸਿਓਂ ਲਾਲਟੈਣਾਂ ਨਿਕਲ ਆਈਆਂ ਸਨ ਤੇ ਸ਼ੋਰ ਵਧਦਾ ਜਾ ਰਿਹਾ ਸੀ । ਉਥੇ ਪੁਜ ਮੌਲੇ ਨੂੰ ਪਤਾ ਲਗਿਆ ਕਿ ਤਿੰਨ ਮੁਸਾਫਰ ਬਰਛੀਆਂ ਨਾਲ ਲੈਸ ਬਹੁਤ ਸਾਰੇ ਬਲਦ ਤੇ ਗਊਆਂ ਮੱਝਾਂ ਹਿੱਕੀ ਜਾ ਰਹੇ ਸਨ ਕਿ ਚੌਕੀਦਾਰ ਨੇ ਉਹਨਾਂ ਨੂੰ ਟੋਕਿਆ ਤਾਂ ਜਵਾਬ ਵਿਚ ਉਹਨਾਂ ਚੌਕੀਦਾਰ ਨੂੰ ਗਾਲ੍ਹਾਂ ਕੱਢੀਆਂ ਤੇ ਆਖਿਆ—ਇਹ ਮਾਲ ਚੌਧਰੀ ਮੁਜ਼ੱਫ਼ਰ ਇਲਾਹੀ ਦਾ ਹੈ । ਇਹ ਤਾਂ ਖੈਰ ਇਕ ਘਟੀਆ ਜਿਹੇ ਪਿੰਡ ਦੀ ਗਲੀ ਹੈ, ਚੌਧਰੀ ਦਾ ਮਾਲ ਤਾਂ ਜੇ ਲਾਹੌਰ ਦੀ ਠੰਢੀ ਸੜਕ ਉਤੋਂ ਵੀ ਲੰਘਦਾ ਹੋਵੇ ਤਾਂ ਕੋਈ ਉਫ਼ ਤੱਕ ਨਾ ਕਰੇ ।

ਮੌਲੇ ਨੂੰ ਇੰਝ ਜਾਪਿਆ ਜਿਵੇਂ ਚੌਧਰੀ ਆਪ ਪਿੰਡ ਦੀ ਇਸ ਗਲੀ ਵਿਚ ਉਹਦਾ ਗੰਡਾਸਾ ਖੋਹਣ ਆਇਆ ਹੋਵੇ । ਉਹ ਕੜਕਿਆ, ਚੋਰੀ ਦਾ ਮਾਲ ਮੇਰੇ ਪਿੰਡ ਵਿਚੋਂ ਦੀ ਨਹੀਂ ਲੰਘ ਸਕਦਾ, ਭਾਵੇਂ ਇਹ ਚੌਧਰੀ ਮੁਜ਼ੱਫ਼ਰ ਦਾ ਹੋਵੇ ਭਾਵੇਂ ਲਾਟ ਸਾਹਿਬ ਦਾ । ਮਾਲ ਛੱਡ ਕੇ ਚੁੱਪਚਾਪ ਆਪਣੀ ਰਾਹ ਫੜੋ ਤੇ ਆਪਣੀ ਜਾਨ ਦੇ ਦੁਸ਼ਮਣ ਨਾ ਬਣੋ । ਉਹਨੇ ਡਾਂਗ ਨੀਵੀਂ ਕਰਕੇ ਗੰਡਾਸੇ ਨੂੰ ਲਾਲਟਣਾਂ ਦੀ ਰੋਸ਼ਨੀ ਵਿਚ ਚਮਕਾਇਆ—ਜਾਓ !

ਮੌਲਾ ਘੇਰੇ ਹੋਏ ਡੰਗਰਾਂ ਨੂੰ ਇਕ ਪਾਸੇ ਹਿੱਕਣ ਲਗਿਆ—ਜਾ ਕੇ ਆਪਣੇ ਚੌਧਰੀ ਨੂੰ ਆਖ ਦੇਣਾ ਕਿ ਮੌਲੇ ਗੰਡਾਸੇ ਵਾਲੇ ਨੇ ਤੈਨੂੰ ਸਲਾਮ ਭੇਜਿਆ ਏ । ਤੇ ਹੁਣ ਜਾਓ ਆਪਣਾ ਕੰਮ ਕਰੋ ।

ਮੁਸਾਫਰਾਂ ਨੇ ਜਦੋਂ ਮੌਲੇ ਦੇ ਨਾਲ ਸਾਰੇ ਲੋਕਾਂ ਦੇ ਤੇਰ ਬਦਲੇ ਵੇਖੇ ਤਾਂ ਚੁੱਪਚਾਪ ਖਿਸਕ ਗਏ । ਮੌਲਾ ਸਾਰੇ ਡੰਗਰਾਂ ਨੂੰ ਆਪਣੇ ਘਰ ਲੈ ਆਇਆ, ਤੇ ਸਰਘੀ ਖਾਂਦਿਆਂ ਮਾਂ ਨੂੰ ਕਹਿਣ ਲਗਿਆ—ਮਾਂ, ਇਹ ਸਾਰੇ ਬੇਜ਼ੁਬਾਨ ਆਪਣੇ ਮਹਿਮਾਨ ਨੇ । ਇਹਨਾਂ ਦੇ ਮਾਲਕ ਪਰਸੋਂ ਕੁ ਤਕ ਆ ਨਿਕਲਣਗੇ ਕਿਤੋਂ...ਤੇ ਪਿੰਡ ਦੀ ਇਜ਼ਤ ਮੇਰੀ ਇਜ਼ਤ ਏ, ਮਾਂ !...

ਮਾਲਕ ਦੂਜੇ ਹੀ ਦਿਨ ਦੁਪਹਿਰ ਵੇਲੇ ਆ ਪੁਜੇ । ਇਹ ਗਰੀਬ ਕਿਸਾਨ ਤੇ ਮੁਜ਼ਾਰੇ ਕੋਹਾਂ ਪੈਂਡੇ ਮਾਰ, ਖੋਜੀਆਂ ਦੇ ਤਰਲੇ ਕਰਦਿਆਂ ਇਥੋਂ ਤੀਕ ਪੁਜੇ ਸਨ ਤੇ ਸੋਚਦੇ ਆਏ ਸਨ ਕਿ ਜੇ ਉਹਨਾਂ ਦਾ ਮਾਲ ਚੌਧਰੀ ਦੇ ਅਸਰ ਵਾਲੇ ਹਲਕੇ ਵਿਚ ਪੁਜ ਗਿਆ ਤਾਂ ਫਿਰ ਕੀ ਬਣੇਗਾ ? ਤੇ ਜਦੋਂ ਮੌਲਾ ਉਹਨਾਂ ਦਾ ਮਾਲ ਉਹਨਾਂ ਨੂੰ ਸੰਭਾਲ ਰਿਹਾ ਸੀ ਤਾਂ ਸਾਰਾ ਪਿੰਡ ਬਾਹਰ ਗਲੀ ਵਿਚ ਆ ਜੁੜਿਆ ਸੀ—ਇਸ ਭੀੜ 'ਚ ਰਾਜੋ ਵੀ ਖਲੋਤੀ ਸੀ । ਉਹਨੇ ਸਿਰ ਉਤੇ ਇੰਨੂ ਬਣਾ ਇਕ ਮਿੱਟੀ ਦਾ ਭਾਂਡਾ ਚੁਕਿਆ ਹੋਇਆ ਸੀ । ਫਿਰ ਜਦੋਂ ਖਿੰਡ ਰਹੇ ਲੋਕਾਂ 'ਚੋਂ ਰਾਜੋ ਮੌਲੇ ਕੋਲੋਂ ਦੀ ਲੰਘਣ ਲੱਗੀ ਤਾਂ ਮੌਲੇ ਨੇ ਆਖਿਆ—ਅਜ ਬੜੇ ਦਿਨਾਂ ਪਿਛੋਂ ਪਿੰਡ ਆਈ ਏਂ, ਰਾਜੋ ?

—ਕਿਉਂ ? ਰਾਜੋ ਨੇ ਕੁਝ ਇੰਝ ਆਖਿਆ ਜਿਵੇਂ 'ਮੈਂ ਕਿਸੇ ਤੋਂ ਡਰਦੀ ਥੋਹੜੇ ਆਂ' ਦਾ ਪ੍ਰਭਾਵ ਪੈਦਾ ਕਰਨਾ ਚਾਹੁੰਦੀ ਹੋਵੇ—ਮੈਂ ਤਾਂ ਕਲ੍ਹ ਵੀ ਆਈ ਸਾਂ, ਪਰਸੋਂ ਵੀ ਤੇ ਚੌਥੇ ਵੀ । ਚੌਥੇ ਗੰਢੇ ਲਸਣ ਲੈਣ ਆਈ ਸਾਂ, ਪਰਸੋਂ ਅੱਬਾ ਨੂੰ ਹਕੀਮ ਕੋਲ ਲਿਆਈ ਸਾਂ, ਕਲ੍ਹ ਉਂਝ ਹੀ, ਤੇ ਅੱਜ ਘਿਓ ਵੇਚਣ ।

—ਕਲ੍ਹ ਉਂਝ ਈ ਕਿਉਂ ਆਈ ਸੈਂ ? ਮੌਲੇ ਨੇ ਬੜੇ ਸ਼ੌਕ ਨਾਲ ਪੁਛਿਅ ।

—ਉਂਝ ਹੀ । ਬੱਸ ਜੀਅ ਕੀਤਾ ਆ ਗਈ । ਸਹੇਲੀਆਂ ਨੂੰ ਮਿਲੀ ਤੇ ਚਲੀ ਗਈ । ਕਿਉਂ ?

—ਉਂਝ ਹੀ—ਮੌਲੇ ਨੇ ਬੁਝ ਕੇ ਆਖਿਆ । ਫਿਰ ਇਕ ਦਮ ਉਹਨੂੰ ਇਕ ਖ਼ਿਆਲ ਆਇਆ—ਇਹ ਘਿਓ ਵੇਚੇਂਗੀ ?

—ਹਾਂ, ਵੇਚਣਾ ਤਾਂ ਹੈ । ਪਰ ਤੈਨੂੰ ਨਹੀਂ ਵੇਚਾਂਗੀ ।

—ਕਿਉਂ ?

—ਤੇਰੇ ਹੱਥਾਂ ਉਤੇ ਮੇਰੇ ਰਿਸ਼ਤੇਦਾਰਾਂ ਦਾ ਖ਼ੂਨ ਐ ।

ਮੌਲੇ ਨੂੰ ਇਕ ਦਮ ਖ਼ਿਆਲ ਆਇਆ ਕਿ ਉਹ ਆਪਣੀ ਡਾਂਗ ਦਲਾਨ ਵਿਚ ਅਤੇ ਗੰਡਾਸਾ ਸਿਰਹਾਣੇ ਹੇਠ ਭੁਲ ਆਇਆ ਹੈ । ਉਹਦੇ ਹੱਥਾਂ 'ਤੇ ਜਲੂਣ ਜਿਹੀ ਹੋਣ ਲੱਗੀ । ਉਹਨੇ ਇਕ ਕੰਕਰ ਚੁਕਿਆਂ ਤੇ ਹੱਥਾਂ ਵਿਚ ਮਲਣ ਲੱਗ ਪਿਆ ।

ਰਾਜੋ ਪਰਤਣ ਲੱਗੀ ਤਾਂ ਮੌਲਾ ਬੋਲਿਆ—ਵੇਖ ਰਾਜੋ, ਮੇਰੇ ਹੱਥਾਂ 'ਤੇ ਤਾਂ ਖ਼ੂਨ ਹੈ ਹੀ, ਤੇ ਇਹਨਾਂ 'ਤੇ ਪਤਾ ਨੀ ਅਜੇ ਕਿੰਨਾ ਖ਼ੂਨ ਹੋਰ ਚੜ੍ਹੇਗਾ । ਪਰ ਤੂੰ ਘਿਓ ਵੇਚਣੈ ਤੇ ਅਸੀਂ ਖ਼ਰੀਦਣੈ । ਮੇਰੇ ਹੱਥ ਨਾ ਸਹੀ ਮੇਰੀ ਮਾਂ ਦੇ ਹੱਥ ਵੇਚਦੇ ।

ਰਾਜੋ ਕੁਝ ਸੋਚ ਕੇ ਬੋਲੀ—ਚੱਲ...ਆ ।

ਮੌਲਾ ਅੱਗੇ ਅੱਗੇ ਤੁਰਨ ਲੱਗਿਆ । ਜਾਂਦਿਆਂ ਜਾਂਦਿਆਂ ਉਹਨੂੰ ਵਹਿਮ ਜਿਹਾ ਹੋਇਆ ਜਿਵੇਂ ਰਾਜੋ ਉਹਦੀ ਪਿੱਠ 'ਤੇ ਪੱਟਾਂ ਤੇ ਘੂਰ ਰਹੀ ਹੈ । ਇਕ ਦਮ ਉਹਨੇ ਮੁੜ ਕੇ ਵੇਖਿਆ। ਰਾਜੋ ਗਲੀ ਵਿਚ ਚੁਗਦੇ ਚੂਚਿਆਂ ਨੂੰ ਬੜੇ ਗਹੁ ਨਾਲ



Sri Satguru Jagjit Singh Ji eLibrary NamdhariElibrary@gmail.com

ਵੇਖਦੀ ਆ ਰਹੀ ਸੀ। ਉਹ ਫ਼ੌਰਨ ਬੋਲਿਆ—ਇਹ ਚੂਚੇ ਮੇਰੇ ਨੇ।

—ਹੋਣ ਗੇ, ਰਾਜੋ ਬੋਲੀ।

ਵਿਹੜੇ ਵਿਚ ਆ ਮੌਲਾ ਬੋਲਿਆ—ਮਾਂ, ਇਹ ਸਾਰਾ ਘਿਓ ਖ਼ਰੀਦ ਲੈ। ਮੇਰੇ ਮਹਿਮਾਨ ਆਉਣ ਵਾਲੇ ਨੇ ਕੁਝ ਦਿਨਾਂ ਤਾਈਂ...।

ਰਾਜੋ ਨੇ ਭਾਂਡਾ ਉਤਾਰ ਉਹਦੇ ਮੂੰਹੋਂ ਕਪੜਾ ਖੋਲ੍ਹਿਆ ਤਾਂ ਕਿ ਬੁੱਢੀ ਸੁੰਘ ਲਵੇ। ਪਰ ਉਹ ਅੰਦਰ ਚਲੀ ਗਈ ਸੀ ਤੱਕੜੀ ਵੱਟਾ ਲੈਣ ਤੇ ਮੌਲੇ ਨੇ ਵੇਖਿਆ ਕਿ ਰਾਜੋ ਦੇ ਕੰਨਾਂ ਉਤੇ ਸੁਨਹਿਰੀ ਜ਼ੁਲਫ਼ਾਂ ਪਲਮ ਰਹੀਆਂ ਹਨ ਤੇ ਉਹਦੀਆਂ ਪਲਕਾਂ ਇੰਝ ਕਮਾਨਾਂ ਵਾਂਗ ਮੁੜੀਆਂ ਹੋਈਆਂ ਹਨ ਕਿ ਉਠਦਿਆਂ ਹੀ ਉਹਦੇ ਭਰਵੱਟਿਆਂ ਨੂੰ ਚੁੰਮ ਲੈਣਗੀਆਂ—ਪਲਕਾਂ 'ਤੇ ਧੂੜ ਦੇ ਕਿਣਕੇ ਹਨ ਅਤੇ ਨੱਕ 'ਤੇ ਮੁੜ੍ਹਕੇ ਦੇ ਨਿੱਕੇ ਨਿੱਕੇ ਸੂਈ ਦੀ ਨੋਕ ਵਰਗੇ ਤੁਪਕੇ ਚਮਕ ਰਹੇ ਹਨ। ਜਾਪਦਾ ਸੀ ਜਿਵੇਂ ਉਹ ਘਿਓ ਦੀ ਥਾਂ ਗੁਲਾਬ ਸੁੰਘ ਰਹੀ ਹੋਵੇ। ਉਹਦੇ ਉਪਰਲੇ ਬੁਲ੍ਹ ਦੀ ਸੋਹਲ ਗੁਲਾਈ 'ਤੇ ਟਿਕੇ ਮੁੜ੍ਹਕੇ ਦੇ ਮੋਤੀ ਡੁਰਨ ਦਾ ਨਾਂ ਨਹੀਂ ਸਨ ਲੈ ਰਹੇ। ਠੋਡੀ ਅਤੇ ਹੇਠਲੇ ਬੁਲ੍ਹ ਵਿਚਕਾਰ ਇਕ ਤਿਲ ਕੁਝ ਇੰਝ ਵੱਖਰਾ ਵੱਖਰਾ ਜਾਪ ਰਿਹਾਂ ਸੀ ਜਿਵੇਂ ਫੂਕ ਮਾਰਦਿਆਂ ਹੀ ਉੱਡ ਜਾਵੇਗਾ। ਕੰਨਾਂ 'ਚ ਚਾਂਦੀ ਦੇ ਬੁੰਦੇ ਅੰਗੂਰ-ਗੁੱਛਿਆਂ ਵਾਂਗ ਪਲਮ ਰਹੇ ਸਨ ਜੀਹਨਾਂ 'ਚ ਉਹਦੀ ਇਕ ਸੁਨਹਿਰੀ ਲਿਟ ਬੁਰੀ ਤਰ੍ਹਾਂ ਉਲਝੀ ਹੋਈ ਹੈ। ਮੌਲੇ ਗੰਡਾਸੇ ਵਾਲੇ ਦਾ ਜੀਅ ਕੀਤਾ ਕਿ ਉਹ ਪੋਲਿਆਂ ਪੋਲਿਆਂ ਇਸ ਲਿਟ ਨੂੰ ਛੁੜਾ ਰਾਜੋ ਦੇ ਕੰਨ ਪਿਛੇ ਟੁੰਗ ਦੇਵੇ, ਜਾਂ ਛੁੜਾ ਕੇ ਉਂਝ ਹੀ ਛੱਡ ਦੇਵੇ, ਜਾਂ ਆਪਣੀ ਹਥੇਲੀ 'ਤੇ ਖਿਲਾਰ ਉਹਦਾ ਇਕ ਇਕ ਵਾਲ ਗਿਣੇ, ਜਾਂ...

ਮਾਂ ਤੱਕੜੀ ਲੈ ਕੇ ਆਈ ਤਾਂ ਰਾਜੋ ਕਹਿਣ ਲੱਗੀ—ਪਹਿਲਾਂ ਵੇਖ ਲੈ ਮਾਸੀ, ਰਗੜ ਕੇ ਸੁੰਘ ਲੈ। ਅਜ ਸਵੇਰੇ ਹੀ ਤਾਜ਼ਾ ਮੱਖਣ ਗਰਮ ਕੀਤਾ ਸੀ, ਪਰ ਸੁੰਘ ਲੈ ਪਹਿਲਾਂ...

—ਨਾ ਧੀਏ! ਮੈਂ ਤਾਂ ਨੀ ਸੁੰਘਦੀ, ਮਾਂ ਬੋਲੀ, ਮੇਰਾ ਤਾਂ ਰੋਜ਼ਾ ਟੁਟ ਜਾਵੇਗਾ। ਫਿਰ ਉਹ ਰਾਜੋ ਨੂੰ ਘੂਰ ਘੂਰ ਵੇਖਣ ਲੱਗੀ, ਤੇ ਕੁਝ ਚਿਰ ਪਿਛੋਂ ਬੋਲੀ—ਤੂੰ ਗ਼ੁਲਾਮ ਅਲੀ ਦੀ ਧੀ ਤਾਂ ਨੀ?

—ਹਾਂ।

—ਤਾਂ ਫੇਰ ਜਾਹ। ਮਾਂ ਨੇ ਤੱਕੜੀ ਪਾਸੇ ਵਗਾਹ ਮਾਰੀ—ਤੇਰਾ ਹੌਸਲਾ ਕਿਵੇਂ ਪਿਆ ਮੇਰੇ ਘਰ ਪੈਰ ਪਾਉਣ ਦਾ। ਰਿਸ਼ਤਾ ਕਤਲਾਂ ਦਾ ਤੇ ਸੌਦੇ ਘਿਓ ਦੇ? ਜਾਹ।

ਫਿਰ ਉਹ ਮੌਲੇ ਵਲ ਹੋਈ—ਜੀਹਨਾਂ 'ਤੇ ਗੰਡਾਸਾ ਚਲਾਈਦੈ ਉਹਨਾਂ ਨਾਲ ਘਿਓ ਦਾ ਲੈਣ-ਦੇਣ ਨੀ ਹੁੰਦਾ, ਮੇਰੀ ਜਾਨ! ਇਹ ਗੱਲੇ ਦੀ ਮੰਗੇਤਰ ਐ। ਗੱਲੇ ਦੀ—ਰੰਗੇ ਦੇ ਮੁੰਡੇ ਦੀ।

ਰਾਜੋ ਦਾ ਚਿਹਰਾ ਕੰਨਾਂ ਤੀਕ ਲਾਲ ਹੋ ਗਿਆ। ਉਹ ਛੇਤੀ ਛੇਤੀ ਭਾਂਡੇ ਤੇ ਕੱਪੜਾ ਬੰਨ੍ਹ ਉਠਦਿਆਂ ਬੋਲੀ—ਤੁਹਾਡੇ ਸੀਨਿਆਂ 'ਚ ਦਿਲ ਨੇ ਕਿ ਖ਼ਸਖ਼ਸ ਦੇ ਦਾਣੇ?

ਮੌਲੇ ਦੇ ਮੂੰਹ'ਤੇ ਜਿਵੇਂ ਇਕ ਪਾਸਿਓਂ ਮਾਂ ਨੇ ਤੇ ਦੂਜੇ ਪਾਸਿਓਂ ਰਾਜੋ ਨੇ ਚਪੇੜ ਕੱਢ ਮਾਰੀ ਹੋਵੇ। ਉਹ ਇੰਨਾ ਦੁਖੀ ਹੋਇਆ ਕਿ ਰਾਜੋ ਦੇ ਜਾਣ ਪਿਛੋਂ ਜਲਦੀ ਦੁਪਹਿਰ 'ਚ ਛੱਤ ਤੇ ਮੰਜੀ ਡਾਹ ਪੈ ਗਿਆ। ਬਹੁਤ ਦੇਰ ਉਂਝ ਹੀ ਧੁਪ 'ਚ ਪਿਆ ਰਿਹਾ ਤੇ ਜਦੋਂ ਉਹਦੀ ਮਾਂ ਉਪਰ ਆਈ ਤਾਂ ਉਹ ਰੋ ਰਿਹਾ ਸੀ।

—ਤੂੰ ਤਾਂ ਰੋਂਦਾ ਪਿਐਂ, ਮੌਲੇ? ਮਾਂ ਨੇ ਪੁਛਿਆ।

ਤੇ ਮੌਲਾ ਬੋਲਿਆ--ਤਾਂ ਕੀ ਹੁਣ ਰੋਵਾਂ ਵੀ ਨਾ ਮਾ।

ਮਾਂ ਚਕਰਾ ਕੇ ਉਹਦੇ ਕੋਲ ਬਹਿ ਗਈ। ਉਹ ਪੁਤਰ ਦੇ ਸਵਾਲ ਵਿਚ ਆਪਣੇ ਸਵਾਲਾਂ ਦਾ ਜਵਾਬ ਲੱਭ ਰਹੀ ਸੀ।

ਹੁਣ ਮੌਲਾ ਘਰ ਵਿਚ ਵੀ ਨਹੀਂ ਬੈਠਦਾ ਸੀ। ਸਾਰਾ ਦਿਨ ਬੱਸ ਦੇ ਅੱਡੇ ਤੇ ਨੂਰੇ ਨਾਈ ਦੀ ਦੁਕਾਨ 'ਤੇ ਪਿਆ ਰਹਿੰਦਾ ਸੀ। ਨੂਰੇ ਨੇ ਅੱਡੇ 'ਤੇ ਚਾਹ ਦੀ ਦੁਕਾਨ ਖੋਲ੍ਹੀ ਹੋਈ ਸੀ। ਆਥਣੇ ਜਦੋਂ ਬੱਸ ਆਉਂਦੀ ਤਾਂ ਸਾਰੇ ਪਿੰਡ ਦੇ ਨੌਜਵਾਨ ਤੇ ਬੱਚੇ ਉਥੇ ਇਕੱਠੇ ਹੋ ਜਾਂਦੇ। ਨੂਰੇ ਦੀ ਚਾਹ ਪੀਂਦੇ ਤੇ ਡਰਾਈਵਰ ਤੋਂ ਸ਼ਹਿਰ ਦੀਆਂ ਖ਼ਬਰਾਂ ਸੁਣਦੇ। ਮੌਲਾ ਉਹਨਾਂ ਤੋਂ ਵੱਖਰਾ ਇਕ ਮੰਜੀ 'ਤੇ ਪਿਆ ਅਸਮਾਨ ਨੂੰ ਘੂਰਦਾ ਰਹਿੰਦਾ। ਲੋਕ ਹੁਣ ਉਹਦੇ ਆਦੀ ਹੋ ਗਏ ਸਨ। ਉਹ ਉਹਦੇ ਕੋਲੋਂ ਹੁੱਕਾ ਵੀ ਚੁਕ ਲਿਆਉਂਦੇ ਪਰ ਕਿਸੇ ਵਿਚ ਉਹਦੀ ਡਾਂਗ ਛੇੜਨ ਜਾਂ ਟੱਪਣ ਦਾ ਹੌਸਲਾ ਨਹੀਂ ਸੀ ਜਿਹੜੀ ਮੰਜੀ ਨਾਲ ਲੱਗੀ ਬੱਸ ਦੇ ਇੰਜਨ ਤਕ ਤਣੀ ਰਹਿੰਦੀ ਸੀ।

ਫਿਰ ਇਕ ਦਿਨ ਜਦੋਂ ਲਾਰੀ ਆਈ ਤੇ ਮੁਸਾਫਰ ਉਤਰਨ ਲੱਗੇ ਤਾਂ ਇਕਦਮ ਜਿਵੇਂ ਸਾਰੇ ਅੱਡੇ 'ਚ ਉੱਲੂ ਬੋਲ ਗਿਆ। ਲਾਰੀ ਵਿਚੋਂ ਰੰਗੇ ਦਾ ਮੁੰਡਾ ਉਤਰਿਆ—ਨਾਲ ਚਾਰ ਕੱਦਾਵਰ ਗੱਭਰੂ। ਫਿਰ ਪੰਜੇ ਇਕ ਪਾਸੇ ਹੋ ਕੇ ਗੱਲਾਂ ਕਰਨ ਲੱਗ ਪਏ। ਮੌਲੇ ਨੇ ਇਸ ਸੰਨਾਟੇ ਨਾਲ ਕੰਨ ਚੁੱਕੇ ਤੇ ਉੱਠਕੇ ਬਹਿ ਗਿਆ। ਉਹਨੇ ਸਾਰੀ ਭੀੜ ਸਿਮਟ ਕੇ ਨੂਰੇ ਦੀ ਕੰਧ ਨਾਲ ਲੱਗੀ ਵੇਖੀ। ਸਾਹਮਣੇ ਖਲੋਤਾ ਗੱਲਾ ਉਹਦੇ ਵੱਲ ਇਸ਼ਾਰਾ ਕਰ ਰਿਹਾ ਸੀ। ਉਹਨੇ ਫੁਰਤੀ ਨਾਲ



Sri Satguru Jagjit Singh Ji eLibrary NamdhariElibrary@gmail.com

ਪੈਰ ਹੇਠਾ ਲਮਕਾ ਡਾਂਗ 'ਤੇ ਗੰਡਾਸਾ ਚੜ੍ਹਾਇਆ ਤੇ ਬੜੇ ਕਣ ਨਾਲ ਬੋਲਿਆ—ਹੁੱਕਾ ਲਿਆ ਨੂਰੇ। ਤੇ ਪੀਲਾ ਜ਼ਰਦ ਹੋਇਆ ਨੂਰਾ ਹੁੱਕਾ ਉਹਦੇ ਕੋਲ ਰੱਖ ਕੰਬਦਿਆਂ ਦੁਕਾਨ ਅੰਦਰ ਜਾ ਵੜਿਆ।

ਪੰਜ ਆਦਮੀ ਲਾਰੀ ਤੋਂ ਦੂਰ ਇਕ ਕਤਾਰ 'ਚ ਖਲੋਤੇ ਘੂਰ ਘੂਰ ਮੌਲੇ ਵੱਲ ਤੱਕਣ ਲਗੇ। ਮੌਲੇ ਨੇ ਬੇਪਰਵਾਹੀ ਨਾਲ ਇਕ ਲੰਮਾ ਕਸ਼ ਖਿੱਚ ਧੂੰਆਂ ਅਸਮਾਨ ਵਲ ਉਡਾ ਦਿਤਾ।

—ਮੌਲੇ! ਗੱਲਾ ਲਲਕਾਰਿਆ।

—ਬੋਲ! ਐਤਕੀਂ ਮੌਲੇ ਨੇ ਧੂੰਆਂ ਗੱਲੇ ਵਲ ਛੱਡਿਆ।

—ਅਸੀਂ ਤੈਨੂੰ ਕੁਝ ਆਖਣ ਆਏ ਆਂ।

—ਕਹੋ, ਕਹੋ!

—ਗੰਡਾਸਾ ਪਾਸੇ ਰੱਖਦੇ—ਅਸੀਂ ਵੀ ਖਾਲੀ ਹੱਥ ਆਂ

—ਲਓ। ਮੌਲੇ ਨੇ ਡਾਂਗ ਪਰ੍ਹਾਂ ਵਗਾਹ ਮਾਰੀ।

ਪੰਜੇ ਹੌਲੀ ਹੌਲੀ ਉਹਦੇ ਵਲ ਵਧਣ ਲੱਗੇ।

ਸਾਰੇ ਲੋਕ ਜਿਵੇਂ ਕੰਧ ਨਾਲ ਚਿੰਬੜ ਏ। ਬੱਚੇ ਬਹੁਤ ਪਿੱਛੇ ਹਟ ਘੁਮਿਆਰਾਂ ਦੇ ਆਵੇ 'ਤੇ ਚੜ੍ਹ ਗਏ ਸਨ।

—ਕੀ ਗੱਲ ਐ? ਮੌਲੇ ਨੇ ਗੱਲੇ ਨੂੰ ਪੁਛਿਆ।

ਗੱਲਾ ਉਹਦੇ ਸਿਰ ਤੇ ਆ ਬੋਲਿਆ—ਤੂੰ ਚੌਧਰੀ ਮੁਜ਼ੱਫਰ ਦਾ ਮਾਲ ਰੋਕਿਆ ਸੀ?

—ਹਾਂ, ਮੌਲੇ ਨੇ ਬੜੇ ਠਰੰਮੇ ਨਾਲ ਆਖਿਆ—ਫੇਰ?

ਗੱਲੇ ਨੇ ਤਿਰਛੀਆਂ ਨਜ਼ਰਾਂ ਨਾਲ ਆਪਣੇ ਸਾਥੀਆਂ ਵਲ ਤੱਕਿਆਂ ਤੇ ਗਲਾ ਸਾਫ ਕਰਦਿਆਂ ਬੋਲਿਆ—ਚੌਧਰੀ ਨੇ ਇਹਦਾ ਇਨਾਮ ਘਲਾਇਐ ਤੈਨੂੰ, ਤੇ ਆਖਿਐ ਕਿ ਇਹ ਇਨਾਮ ਅਸੀਂ ਤੈਨੂੰ ਸਾਰੇ ਪਿੰਡ ਸਾਹਮਣੇ ਤੇਰੇ ਹਵਾਲੇ ਕਰੀਏ।

—ਇਨਾਮ? ਮੌਲੇ ਨੇ ਹੈਰਾਨੀ ਨਾਲ ਆਖਿਆ—ਆਖਰ ਗੱਲ ਕੀ ਐ?

ਗੱਲੇ ਨੇ ਵੱਟ ਕੇ ਚਪੇੜ ਉਹਦੇ ਮੂੰਹ 'ਤੇ ਜੜੀ ਤੇ ਬਿਜਲੀ ਵਾਂਗ ਪਿਛਾਂਹ ਹਟਦਿਆਂ ਬੋਲਿਆ—ਇਹ ਗੱਲ ਐ।

ਤੜਫਦੇ ਮੌਲੇ ਨੇ ਡਾਂਗ ਚੁਕ ਲਈ। ਡੁਬਦੇ ਸੂਰਜ ਦੀ ਲਾਲੀ ਵਿਚ ਗੰਡਾਸਾ ਚਿੰਗਿਆੜੇ ਵਾਂਗ ਚਮਕਿਆ। ਪੰਜੇ ਆਦਮੀ ਗੈਰ ਮਨੁਖੀ ਤੇਜ਼ੀ ਨਾਲ ਨੱਸ ਪਏ—ਪਰ ਗੱਲਾ ਬੱਸ ਦੇ ਪਰਲੇ ਪਾਸੇ ਕੰਕਰਾਂ 'ਤੇ ਤਿਲ੍ਹਕ ਡਿਗ ਪਿਆ, ਉੜਿਆ ਆਉਂਦਾ ਮੌਲਾ ਰੁਕਿਆ, ਉਠਿਆ ਹੋਇਆ ਗੰਡਾਸਾ ਝੁਕਿਆ ਤੇ ਜਿਹੜੇ ਜ਼ਾਵੀਏ 'ਤੇ ਝੁਕਿਆ ਸੀ ਉਥੇ ਹੀ ਝੁਕਿਆ ਰਹਿ ਗਿਆ।

ਚੁੱਪਚਾਪ ਲੋਕ ਕੰਧ ਨਾਲੋਂ ਹਟ ਅਗਾਂਹ ਆ ਰਹੇ ਸਨ। ਬੱਚੇ ਵੀ ਆਵੇ ਦੀ ਸੁਆਹ ਉਡਾਉਂਦੇ ਭੱਜ ਆਏ। ਨੂਰਾ ਦੁਕਾਨ ਤੋਂ ਬਾਹਰ ਆ ਗਿਆ।

ਗੱਲੇ ਨੇ ਆਪਣੀਆਂ ਉਂਗਲਾਂ ਤੇ ਪੰਜੇ ਇੰਞ ਧਰਤੀ ਵਿਚ ਗੱਡੇ ਹੋਏ ਸਨ ਜਿਵੇਂ ਪਤਾਲ ਵਿਚ ਲੱਥ ਜਾਏਗਾ—ਤੇ ਫਿਰ ਘੜੀ ਦੀ ਘੜੀ ਬੇਹਿਸ ਹੋਇਆ ਮੌਲਾ ਮੁੜ ਹਰਕਤ ਵਿਚ ਆ ਅਗਾਂਹ ਵਧਿਆ। ਡਾਂਗ ਦੂਰ ਦੁਕਾਨ ਵਲ ਵਗਾਹ ਮਾਰੀ ਅਤੇ ਗੱਲੇ ਬਾਹੋਂ ਫੜ ਉਠਾਂਦਿਆਂ ਬੜੀ ਨਰਮੀ ਨਾਲ ਬੋਲਿਆ—ਚੌਧਰੀ ਨੂੰ ਮੇਰਾ ਸਲਾਮ ਦੇਵੀਂ ਤੇ ਆਖੀਂ ਇਨਾਮ ਮਿਲ ਗਿਐ—ਰਸੀਦ ਮੈਂ ਆਪ ਪੁਚਾਉਣ ਆਵਾਂਗਾ।

ਫਿਰ ਉਹਨੇ ਹੌਲੀ ਹੌਲੀ ਗੱਲੇ ਦੇ ਕੱਪੜੇ ਝਾੜੇ। ਉਹਦੇ ਡਿੱਗੇ ਹੋਏ ਤੁਰਲੇ ਨੂੰ ਸਿਧਿਆਂ ਕੀਤਾ ਤੇ ਕਹਿਣ ਲਗਿਆ—ਰਸੀਦ ਤਾਂ ਖ਼ੈਰ ਮੈਂ ਤੈਨੂੰ ਵੀ ਦੇ ਦਿੰਦਾ। ਪਰ ਤੂੰ ਤਾਂ ਲਾੜਾ ਬਣਨੈ ਅਜੇ—ਇਸ ਲਈ ਜਾਹ, ਆਪਣਾ ਕੰਮ ਕਰ।

ਗੱਲਾ ਸਿਰ ਝੁਕਾਈ ਹੌਲੀ ਹੌਲੀ ਗਲੀ ਵਿਚ ਮੁੜ ਗਿਆ—ਮੌਲਾ ਹੌਲੀ ਹੌਲੀ ਮੰਜੀ ਵਲ ਵਧਣ ਲੱਗਿਆ ਤੇ ਲੋਕ ਰਫ਼ਤਾਰ ਨਾਲ ਪਿਛਾਂਹ ਹਟਣ ਲੱਗੇ। ਜਦੋਂ ਉਹ ਮੰਜੀ 'ਤੇ ਬੈਠਣ ਲਗਿਆ ਤਾਂ ਅਚਾਨਕ ਘੁਮਿਆਰਾਂ ਦੇ ਆਵੇ ਵਲੋਂ ਉਹਦੀ ਮਾਂ ਦੁਹੱਥੜੀ ਪਿਟਦੀ ਆਈ ਅਤੇ ਮੌਲੇ ਕੋਲ ਆ ਬੜੀ ਭਿਆਨਕਤਾ ਨਾਲ ਬੋਲਣ ਲੱਗ ਪਈ—ਤੈਨੂੰ ਗੱਲੇ ਨੇ ਚਪੇੜ ਮਾਰੀ ਤੇ ਤੂੰ ਪੀ ਗਿਆ ਚੁੱਪ ਚਾਪ? ਤੂੰ ਤਾਂ ਮੇਰਾ ਹਲਾਲੀ ਪੁੱਤ ਸੈਂ, ਤੇਰਾ ਗੰਡਾਸਾ ਕਿਉਂ ਨਾ ਉਠਿਆ? ਤੂੰ...ਮਾਂ ਸਿਰ ਪਿੱਟਦੀ ਅਚਾਨਕ ਰੁਕ ਗਈ ਅਤੇ ਅਤਿ ਨਰਮ ਆਵਾਜ਼ ਵਿਚ ਜਿਵੇਂ ਬਹੁਤ ਦੂਰੋਂ ਬੋਲੀ—ਤੂੰ ਤਾਂ ਰੋ ਰਿਹੈਂ ਮੌਲੇ?

ਤੇ ਮੌਲੇ ਗੰਡਾਸੇ ਵਾਲੇ ਨੇ ਮੰਜੀ 'ਤੇ ਬੈਠਦਿਆਂ ਬਾਂਹ ਅੱਖਾਂ 'ਤੇ ਰਗੜੀ ਤੇ ਡੁਸਕਦੇ ਬੁਲ੍ਹਾਂ ਨਾਲ ਬਿਲਕੁਲ ਮਾਸੂਮ ਬੱਚਿਆਂ ਵਾਂਗ ਆਖਿਆ—ਤਾਂ ਕੀ ਹੁਣ ਰੋਵਾਂ ਵੀ ਨਾ ਮਾਂ?

[ਅਨੁਵਾਦਕ : ਰਘੁਬੀਰ ਢੰਡ]



Sri Satguru Jagjit Singh Ji eLibrary NamdhariElibrary@gmail.com

# ਪਿੰਡੀ ਦੀਆਂ ਰੌਣਕਾਂ

—ਜਗਦੀਸ਼ ਸਿੰਘ—

**ਪਿੰਡੀ** ਰੌਣਕਾਂ ਵਾਲਾ ਸ਼ਹਿਰ ਸੀ। ਮੇਲੇ ਤਿਓਹਾਰ ਅਤੇ ਗੁਰਪੁਰਬਾਂ ਉਤੇ ਤਾਂ ਪੋਠੋਹਾਰੀਏ ਵਹੀਰਾਂ ਘੱਤ ਕੇ ਪੁਜਦੇ ਸਨ। ਨਿਤ ਨਿਕਲਦੇ ਜਲੂਸ ਅਤੇ ਜਲਸੇ ਸਦਾ ਹੀ ਰੌਣਕ ਲਾਈ ਰੱਖਦੇ। ਪਹਿਲੀ ਵਾਰ ਮੈਂ ਵੇਖਿਆ ਅਤੇ ਸੁਣਿਆ ਕਿ ਕਿਸੇ ਘਗੀ ਜਿਹੀ ਵਿਚ ਹੌਲੀ ਬੋਲਣ ਨਾਲ ਧੂਤੇ ਵਿਚੋਂ ਉੱਚੀ ਸੁਣਿਆ ਜਾ ਸਕਦਾ ਹੈ। ਲਾਊਡ-ਸਪੀਕਰ ਤਵਿਆਂ ਵਾਲੇ ਵਾਜੇ ਵਿਚੋਂ ਨਿਕਲਦੇ ਗੀਤ ਟਾਂਗਿਆਂ ਉਤੇ ਸਿਨਮੇ ਵਾਲਿਆਂ ਵਲੋਂ ਸੁਣਾਏ ਜਾਂਦੇ ਗਾਣੇ ਅਜੀਬ ਜਿਹੀ ਹੀ ਗੱਲ ਸੀ।

ਗੁਰਦੁਆਰਿਆਂ ਵਿਚ ਹਮੇਸ਼ਾ ਭਰਪੂਰ ਸੰਗਤਾਂ ਪੁਜਦੀਆਂ ਸਨ। ਕੇਂਦਰੀ ਪੰਜਾਬ ਵਲੋਂ ਵੀ ਸ਼ਬਦ ਕੀਰਤਨ ਵਾਲੇ ਜਥੇ ਅਕਸਰ ਜਾਂਦੇ। ਇਕ ਵਾਰ ਬਹੁਤ ਉਤਸ਼ਾਹ ਭਰੀ ਹਲਚਲ ਮਚ ਗਈ। ਭਾਈ ਮੋਤੀ ਆ ਰਹੇ ਨੇ। ਭਾਈ ਮੋਤੀ ਮੁਸਲਮਾਨ ਰਬਾਬੀ ਸਨ। ਭਾਵ ਮਰਾਸੀ ਖਾਨਦਾਨ 'ਚੋਂ। ਉਹਨਾਂ ਦੇ ਦੀਵਾਨ ਵਿਚ ਤਾਂ ਭੀੜਾਂ ਦਾ ਅੰਤ ਨਹੀਂ ਸੀ ਹੁੰਦਾ। ਉਹਨਾਂ ਦੇ ਦੀਵਾਨ ਰਾਮਗੜ੍ਹੀਆ ਅਤੇ ਨਾਮਧਾਰੀ ਦੋਹਾਂ ਗੁਰਦੁਆਰਿਆਂ ਵਿਚ ਲੱਗੇ ਸਨ। ਉਹ ਉੱਚੀ ਖੁਲ੍ਹਕੇ ਗਾਉਂਦੇ ਸਨ। ਸਿਰ ਤੇ ਸਫ਼ੈਦ ਵੱਡੀ ਸਾਰੀ ਪਗੜੀ ਅਤੇ ਸਫ਼ੈਦ ਖੱਦਰ ਦੇ ਖੁਲ੍ਹੇ ਚੋਗੇ ਉਹਨਾਂ ਪਾਏ ਸਨ। ਤਬਲਾ ਬਹੁਤ ਚੌੜਾ ਸੀ। ਤਿੰਨ ਜਣੇ ਸਨ। ਭਾਈ ਮੋਤੀ ਵਾਜਾ ਲੈ ਕੇ ਗਾਉਂਦੇ ਸਨ। ਉਹ ਗੁਰਬਾਣੀ ਦੇ ਸ਼ਬਦ ਵੀ ਪੜ੍ਹਦੇ ਅਤੇ ਖੁਲ੍ਹੇ ਲੋਕ ਗੀਤ ਵੀ ਪੜ੍ਹਦੇ ਸਨ। ਉਹਨਾਂ ਦਾ ਮਾਰਫਤ ਦਾ ਇਕ ਗੀਤ ਜਿਸ ਦੀ ਫ਼ਰਮਾਇਸ਼ ਵੀ ਪੈਂਦੀ, ਮੈਨੂੰ ਅਜੇ ਤਕ ਯਾਦ ਹੈ। ਉਸ ਦਾ ਮੁਖੜਾ ਸੀ "ਕੋਈ ਹੋਰ ਨਾ ਚੁਬਾਰੇ ਵਿਚ ਬੋਲੇ ਐਵੇਂ ਤੈਨੂੰ ਭਰਮ ਪਿਆ"। ਇਹ ਬੋਲ ਬੱਚੇ ਬੱਚੇ ਦੀ ਜ਼ਬਾਨ ਤੇ ਚੜ੍ਹ ਗਏ ਸਨ।

ਜਦੋਂ ਪਾਕਿਸਤਾਨ ਬਣ ਗਿਆ ਤਾਂ ਇਧਰਲੇ ਪੰਜਾਬ ਦੇ ਇਕ ਪਿੰਡ ਵਿਚ ਅਸੀਂ ਗੁਰਪੁਰਬ 'ਤੇ ਗਏ। ਬਾਹਰ ਖੇਤਾਂ ਵਿਚ ਘੁੰਮਣ ਗਿਆਂ ਇਕ ਮੁੰਡੇ ਨੇ ਇਹ ਹੀ ਬੋਲ ਉੱਚੀ ਸੁਰ ਵਿਚ ਗਾਇਆ ਤਾਂ ਪਿੰਡ ਦੇ ਬੰਦੇ ਸਾਡੇ ਦੁਆਲੇ ਹੋ ਗਏ ਤੁਸਾਂ ਇਹ ਕੀ ਗਾਇਆ ਹੈ ? ਬੜੀ ਮੁਸ਼ਕਲ ਨਾਲ ਉਹਨਾਂ ਤੋਂ ਖਹਿੜਾ ਛੁਡਾਇਆ।

ਭਾਈ ਮੋਤੀ ਦੇ ਕੀਰਤਨ ਵੇਲੇ ਨੋਟਾਂ ਦਾ ਢੇਰ ਲਗ ਜਾਣਾ। ਕੀਰਤਨ ਬਾਦ ਸ: (ਗਿਆਨੀ) ਭਗਤ ਸਿੰਘ ਕਲਸੀ ਸਨਖੱਤਰੇ ਵਾਲਿਆਂ ਇਕ ਸ਼ਾਨਦਾਰ ਤਕਰੀਰ ਵੀ ਕਰਨੀ।

ਨਾਮਧਾਰੀਆਂ ਦੇ ਗੁਰਦੁਆਰੇ ਵਿਚ ਵਿਸ਼ੇਸ਼ ਤਰ੍ਹਾਂ ਦੀ ਖਿੱਚ ਸੀ। ਬਹੁਤ ਵੱਡਾ ਇਕੱਠ ਹੁੰਦਾ ਹੀ ਰਹਿੰਦਾ, ਢੋਲਕੀ ਦੀ ਗੂੰਜ ਤੇ ਛੈਣਿਆਂ ਦੀ ਰਗੜ ਅਕਸਰ ਸੁਣੀਂਦੀ ਰਹਿੰਦੀ। ਨਾਮ ਸਿਮਰਨ ਦੀਆਂ ਵਰਨੀਆਂ ਹੁੰਦੀਆਂ ਹੀ ਰਹਿੰਦੀਆਂ। ਸਵੇਰੇ ਸਵੇਰੇ ਮੂੰਹ ਹਨੇਰੇ ਨਹਾ ਧੋ ਕੇ ਸਮੇਤ ਵਾਲਾਂ ਦੇ ਇਸ਼ਨਾਨ ਕਰਕੇ ਬਹੁਤ ਸਾਰੇ ਲੋਕ ਮਾਲਾ ਫੜ ਕੇ ਚੁੱਪਚਾਪ ਨਾਮ ਸਿਮਰਨ ਕਰਦੇ। ਗਰਮ ਕੌਲਿਆਂ ਉਕੇ ਸੁਗੰਧੀ ਵਾਲੀ ਸਮੱਗਰੀ ਪਾਉਂਦੇ। ਚੌਕੜੀ ਮਾਰ ਕੇ ਚਾਦਰਾਂ ਦਾ ਝੁੰਗਲ-ਮਾਟਾ ਕਰਕੇ ਬੈਠਦੇ। ਦੋ ਘੰਟੇ ਬਾਦ ਅਰਦਾਸ ਕਰਕੇ ਫੇਰ ਸ਼ਬਦ ਪੜ੍ਹਦੇ, ਤੇ ਅੰਤ ਉਤੇ ਗਰਮ ਗਰਮ ਤਿਹਾਵਲ ਦੇ ਕੜਾਹ ਪ੍ਰਸ਼ਾਦ ਦੇ ਜਦੋਂ ਵੱਡੇ ਵੱਡੇ ਬੁੱਕ ਭਰ ਕੇ ਦਿੰਦੇ ਤਾਂ ਪ੍ਰਸ਼ਾਦ ਵਿਚਲਾ ਦੇਸੀ ਘਿਓ ਹਥਾਂ ਦੇ ਹੇਠਲੇ ਬੰਨੇ ਵੀ ਚਲਾ ਜਾਣਾ। ਆਸਾ ਦੀ ਵਾਰ ਜਾਂ ਸ਼ਾਮ ਦੇ ਦੀਵਾਨ ਲਗਦੇ ਹੀ ਰਹਿੰਦੇ। ਮੈਨੂੰ ਦਸਿਆ ਗਿਆ ਕਿ ਜਦੋਂ ਮੇਰੇ ਜਨਮ ਦੀ ਖਬਰ ਪਿੰਡੋਂ ਪਿੰਡੀ ਪੁਜੀ ਤਾਂ ਮੇਰੇ ਬਾਪ ਨੂੰ ਪਤਾ ਲਗਣ ਤੋਂ ਪਹਿਲਾਂ ਹੀ ਸ਼ਾਮ ਦਾ ਦੀਵਾਨ ਉਹਨਾਂ ਦੇ ਘਰ ਲਗਣ ਦੀ ਤਖਤੀ ਗੁਰਦੁਆਰੇ ਲਗ ਵੀ ਗਈ ਸੀ। ਸਾਰਾ ਦਿਨ ਕੰਮ ਕਰਕੇ ਜਦੋਂ ਇਹ ਲੋਕ ਥੱਕ ਜਾਂਦੇ ਤਾਂ ਇਸ ਥਕਾਣ ਨੂੰ ਲਾਹੁਣ ਵਾਸਤੇ ਘੰਟਿਆਂ ਬੱਧੀ ਖੂਬ ਢੋਲਕੀ ਛੈਣੇ ਵਜਾਉਂਦੇ ਤੇ ਉਚੀ ਸ਼ਬਦ ਪੜਦੇ। ਚਿਟੀਆਂ ਹਟੀਆਂ ਇਲਾਕੇ ਵਿਚ ਵਡਾ ਚੌਂਕ ਸੀ। ਉਥੇ ਨਿਤ ਦਿਵਾਨ ਲਗਦੇ ਹੀ ਰਹਿੰਦੇ ਤੇ ਜਦ ਕਦੇ ਸਿਆਲਕੋਟ ਦੇ ਪਿੰਡਾਂ ਵਲੋਂ ਕੋਈ ਵਡਾ ਜਥੇਦਾਰ ਆ ਜਾਣਾ ਤਾਂ ਹੋਰ ਵੀ ਉਤਸ਼ਾਹ ਫੈਲ ਜਾਣਾ। ਜੇ ਕਿਤੇ ਜਥੇਦਾਰ ਅਤਰ ਸਿੰਘ ਦਾ ਆਉਣਾ ਸੁਣੀਂਦਾ ਤਾਂ ਸਾਰੇ ਇਲਾਕੇ ਵਿਚ ਨਾਮਧਾਰੀ ਅਕਾਲੀ, ਹਿੰਦੂ ਮੁਸਲਮਾਨ ਸਭ ਨੂੰ ਚਾਅ ਚੜ੍ਹ ਜਾਣਾ। ਸੰਤ ਅਤਰ ਸਿੰਘ ਹੋਰਾਂ ਹੱਥਾਂ ਵਿਚ ਲਕੜ ਅਤੇ ਘੁੰਗਰੂਆਂ ਵਾਲੀਆਂ ਖੜਤਾਲਾਂ ਵਜਾਉਣੀਆਂ ਉਹਨਾਂ ਨਿਰਤ ਵੀ ਕਰਨਾ ਅਤੇ ਉਚੀ ਉਚੀ ਧਾਰਨਾਂ ਵੀ ਪੜਨੀਆਂ। ਬਹੁਤ ਤਗੜਾ ਪਿੜ ਬੱਝਦਾ ਸੀ। ਢੋਲਕੀ ਛੈਣਿਆਂ ਦੀ ਭਰਵੀਂ ਗੂੰਜ ਵਿਚ ਸੰਤ ਅਤਰ ਸਿੰਘ ਨੇ ਸ਼ਬਦ ਪੜਣੇ ਜਦੋਂ ਗਲਾਂ ਕਰਨੀਆਂ ਤਾਂ ਕਦੀ ਤਾਂ ਹਸਾ ਹਸਾ ਕੇ ਢਿਡੀਂ ਪੀੜਾਂ ਪਾ ਦੇਣੀਆਂ ਕਦੇ ਰੁਆ ਦੇਣਾ। ਜਦੋਂ ਉਹ ਵੈਰਾਗ ਵਿਚ ਹੁੰਦੇ ਤਾਂ ਆਪ ਵੀ ਬੇਸੁਧ ਤੇ ਸਰੋਤੇ ਵੀ। ਉਹ ਅਕਸਰ ਵਡੀਆਂ ਥਾਵਾਂ ਤੇ ਛਾਲ ਮਾਰ ਕੇ ਚੜ੍ਹ ਜਾਂਦੇ ਤੇ ਉਤਰ ਵੀ ਜਾਂਦੇ।



Sri Satguru Jagjit Singh Ji eLibrary NamdhariElibrary@gmail.com

ਚਿਟੀਆਂ ਹੱਟੀਆਂ ਵਿਚ ਇਕ ਵੱਡਾ ਸਾਰਾ ਖੂਹ ਸੀ। ਇਕ ਵਾਰ ਸੰਤਾਂ ਨੂੰ ਅਜਿਹਾ ਜੋਸ਼ ਚੜਿਆ ਦੌੜੇ ਦੌੜੇ ਗਏ ਅਤੇ ਝੜਪ ਖੂਹ ਵਿਚ ਛਾਲ ਮਾਰ ਦਿਤੀ।...ਨਾਮਧਾਰੀਆਂ ਦੇ ਮਸਤਾਨਿਆਂ ਨੇ ਕਈ ਵਾਰ ਹਵਨ ਕੁੰਡ ਦੀ ਅੱਗ ਵਿਚ ਛਾਲ ਮਾਰ ਦੇਣੀ ਇਹਨਾਂ ਬਾਰੇ ਮਸ਼ਹੂਰ ਸੀ ਕਿ ਜਿਹੜੇ ਮਸਤਾਨੇ ਹੁੰਦੇ ਹਨ ਉਹਨਾਂ ਨੂੰ ਕੋਈ ਸੁਧ ਨਹੀਂ ਹੁੰਦੀ ਤੇ ਨਾ ਹੀ ਉਹਨਾ ਨੂੰ ਸਟ ਲਗਦੀ ਹੈ ਜਾਂ ਅਗ ਦਾ ਸੇਕ।

ਗੁਰੂ ਨਾਨਕ ਦੇਵ ਜੀ ਜਾਂ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬਾਂ ਤੇ ਸਿਖਾਂ ਵਲੋਂ ਬੜੇ ਵਡੇ ਜਲੂਸ ਨਿਕਲਦੇ। ਇਕ ਗੁਰਪੁਰਬ ਤੇ ਨਿਕਲਣ ਵਾਲੇ ਜਲੂਸ ਤੇ ਮੈਂ ਵੀ ਨਾਲ ਗਿਆ ਸਾਂ।

ਬਹੁਤ ਵਡਾ ਜਲੂਸ ਸੀ। ਸਾਰੇ ਦਾ ਸਾਰਾ ਪੈਦਲ ਅਤੇ ਸਾਰੇ ਹੀ ਕੀਰਤਨ ਕਰਨ ਵਾਲੇ। ਇਕ ਜਥਾ ਦੋ ਦੋ ਸੌ ਦਾ ਸੀ। ਨਾਮਧਾਰੀਆਂ ਦੇ ਜੱਥੇ ਅਗੇ ਵੱਡਾ ਸਾਰਾ ਚਿਟਾ ਝੰਡਾ ਝੁਲਾਉਂਦਾ ਇਕ ਸਿਖ ਚਲ ਰਿਹਾ ਸੀ। ਉਸ ਦੇ ਪਿਛੇ ਇਕ ਬਹੁਤ ਹੀ ਉਚਾ ਅਤੇ ਭਰਵਾਂ ਨਾਮਧਾਰੀ ਸਰਦਾਰ ਸੀ ਉਸ ਕੋਲ ਲੰਬੀ ਸਾਰੀ ਕਿਰਪਾਨ ਸੀ ਜਿਸ ਦੀ ਸੁਨਹਿਰੀ ਮੁੱਠ ਚਮਕ ਰਹੀ ਸੀ। ਨਾਲ ਸੌ ਕੁ ਆਦਮੀ ਦੋ ਕਤਾਰਾਂ ਵਿਚ ਚਲ ਰਹੇ ਸਨ ਅਤੇ ਅੰਤ ਪਿਛਲੇ ਪਾਸੇ ਕੀਰਤਨੀ ਜੱਥਾ ਸੀ ਜਿਸ ਨਾਲ ਦੋ ਢੋਲਕਾਂ ਵਜ ਰਹੀਆਂ ਸਨ ਅਤੇ ਜਿਨ੍ਹਾਂ ਦੇ ਸ਼ਬਦਾਂ ਦੀ ਗੁੰਜਾਰ ਵਿਚ ਸਭ ਕੁਝ ਦੱਬ ਜਾਂਦਾ ਸੀ। ਇਕ ਦੋ ਸੰਤ ਬਾਹਵਾਂ ਸਿਰ ਉਪਰੋਂ ਦੀ ਕਰਕੇ ਖੜਤਾਲਾਂ ਵਜਾ ਰਹੇ ਸਨ ਜੋ ਦੂਰੋਂ ਹੀ ਲੋਕਾਂ ਦੇ ਸਿਰਾਂ ਦੇ ਉਪਰੋਂ ਘੁਮਦੀਆਂ ਦਿਸ ਰਹੀਆਂ ਸਨ। ਢੋਲਕਾਂ ਨਾਲ ਛੈਣਿਆਂ ਦੀ ਆਵਾਜ਼ ਅਤੇ ਖੜਤਾਲਾਂ ਦੇ ਘੁੰਗਰੂ ਅਤੇ ਤਾਲ ਨਾਲ ਉਚੀਆਂ ਸੁਰਾਂ ਵਿਚ ਸ਼ਬਦ, ਰਸ ਦਾ ਇਕ ਦਰਿਆ ਵਹਾ ਰਹੇ ਸਨ। ਸੁਨਹਿਰੀ ਮੁਠ ਵਾਲੀ ਕਿਰਪਾਨ ਵਾਲੇ ਲੰਮੇ ਝਮੇ ਜਵਾਨ ਜਿਸ ਦੀ ਲੰਮੀ ਤੇ ਭਾਰੀ ਦਾਹੜੀ ਸੀ ਦਾ ਪਰਭਾਵ ਇੰਜ ਸੀ ਜਿਵੇਂ ਤਸਵੀਰਾਂ ਵਿਚ ਬੰਦਾ ਬਹਾਦਰ ਹੁੰਦਾ ਹੈ। ਕਈਆਂ ਲੋਕਾਂ ਦੇ ਮੂੰਹੋਂ ਮੈਂ ਇਹ ਗਲ ਸੁਣੀ' ਹੋ ਤੱਕੋ ਨਾਮਧਾਰੀਆਂ ਨਾ ਗੁਰੂ"-ਪਰ ਉਹ ਨਾਮਧਾਰੀਆਂ ਦਾ ਗੁਰੂ ਨਹੀਂ ਸੀ। ਮੇਰੇ ਪਿਤਾ ਜੀ ਨੇ ਬਾਅਦ ਵਿਚ ਦਸਿਆ ਕਿ ਇਹ ਰਾਵਲਪਿੰਡੀ ਦਾ ਬਹੁਤ ਰਈਸ ਆਦਮੀ ਸ: ਆਤਮਾ ਸਿੰਘ ਹੈ। ਸ: ਆਤਮਾ ਸਿੰਘ ਬਹੁਤ ਅਸਰ ਰਸੂਖ ਵਾਲਾ ਕਰੋੜਪਤੀ ਬੰਦਾ ਸੀ। ਉਹ ਬਹੁਤ ਦਿਲਚਸਪੀ ਨਾਲ ਜਲੂਸ ਵਿਚ ਸ਼ਾਮਲ ਹੁੰਦਾ। ਉਹਦੇ ਬਾਰੇ ਮਸ਼ਹੂਰ ਸੀ ਕਿ ਉਹਨੇ ਸੈਂਕੜੇ ਨਾਮਧਾਰੀ ਵਰਦੀਆਂ ਸਵਾ ਕੇ ਰੱਖੀਆਂ ਸਨ ਅਤੇ ਜਲੂਸ ਵਿਚ ਉਹ ਚੰਗੀ ਤਰ੍ਹਾਂ ਸਜਾ ਕੇ ਨਾਲ ਲਿਆਉਂਦਾ ਸੀ। ਮੁਸਲਮਾਨਾਂ ਨੂੰ ਵੀ ਜਲੂਸ ਵਿਚ ਲੈ ਆਉਂਦਾ। ਸਰਦਾਰ ਆਤਮਾ ਸਿੰਘ ਅਤੇ ਉਸ ਦੀ ਧਰਮ ਪਤਨੀ ਸਰਦਾਰਨੀ ਲੀਲ੍ਹਾਵੰਤੀ ਦੋਵੇਂ ਆਪ ਰਾਗੀਆਂ ਵਾਂਗ ਕੀਰਤਨ ਵੀ ਕਰਦੇ ਸਨ ਅਤੇ ਸਿੱਖਾਂ ਦੀਆਂ ਸਾਰੀਆਂ ਸਟੇਜਾਂ ਤੇ ਚਲੇ ਜਾਂਦੇ ਸਨ। ਸਰਦਾਰ ਦਾਨ ਪੁੰਨ ਵੀ ਰੱਜ ਕੇ ਕਰਦਾ ਸੀ। ਇਹ ਹੀ ਸਰਦਾਰ ਆਤਮਾ ਸਿੰਘ ਆਜ਼ਾਦ ਭਾਰਤ ਵਿਚ ਲੋਕ ਸਭਾ ਦਾ ਮੈਂਬਰ ਵੀ ਬਣਿਆ ਅਤੇ ਕ੍ਰਿਕਟ ਵੀ ਚੰਗੀ ਖੇਡਦਾ ਸੀ। ਸਰਦਾਰ ਆਤਮਾ ਸਿੰਘ ਦੀਆਂ ਗੱਲਾਂ ਅਜੇ ਤਕ ਲੋਕ ਕਰਦੇ ਨੇ। ਜਦੋਂ ਸਰਦਾਰ ਨੇ ਰਾਵਲਪਿੰਡੀ ਵਿਚ ਨਾਮਧਾਰੀ ਹੋਲਾ ਮਹਲਾ ਕਰਵਾਇਆ ਤਾਂ ਉਸ ਵਿਚ ਗੁਰੂ ਮਹਾਰਾਜ ਪ੍ਰਤਾਪ ਸਿੰਘ ਜੀ ਦੀ ਬੜੀ ਸ਼ਾਨ ਲੋਕਾਂ ਵੇਖੀ ਸੀ। ਇਸ ਹੋਲੇ ਮਹਲੇ ਤੇ ਸਿਆਲਕੋਟ ਤੋਂ ਲੈ ਕੇ ਰਾਵਲ-ਪਿੰਡੀ ਤਕ ਵਿਸ਼ੇਸ਼ ਰੇਲ ਗੱਡੀ ਵੀ ਚੱਲੀ ਸੀ।

ਜਨਮ ਅਸ਼ਟਮੀ ਦਾ ਜਲੂਸ ਵੀ ਅਨੋਖੀ ਸ਼ਾਨ ਵਾਲਾ ਹੁੰਦਾ। ਰੰਗ-ਬਰੰਗੀਆਂ ਝਾਕੀਆਂ ਰੱਥ ਘੋੜੇ ਵੀ ਹੁੰਦੇ। ਇਕ ਜਲੂਸ ਵਿਚ ਭਜਨ ਮੰਡਲੀਆਂ ਦੇ ਸੰਗੀਤ ਵਿਚ ਮੈਂ ਏਨਾ ਸੁਆਦੋ-ਸੁਆਦ ਹੋਇਆ ਕਿ ਮੈਨੂੰ ਪਤਾ ਹੀ ਨਾ ਲਗਾ ਕਿ ਮੈਂ ਉਹਨਾਂ ਦੇ ਨਾਲ ਹੀ ਸਰਕਦਾ ਕਿਤੇ ਦਾ ਕਿਤੇ ਪਹੁੰਚ ਗਿਆ ਅਤੇ ਜਿਸ ਵੇਲੇ ਮੈਨੂੰ ਪਤਾ ਲਗਾ ਕਿ ਮੈਂ ਜਲੂਸ ਦੇ ਨਾਲ ਬਹੁਤ ਦੂਰ ਆ ਗਿਆ ਹਾਂ ਇਕੱਲਾ ਹੀ ਤਾਂ ਉਸ ਵੇਲੇ ਤਕ ਮੈਂ ਵਾਪਸੀ ਦਾ ਰਾਹ ਭੁੱਲ ਚੁਕਾ ਸਾਂ। ਦਰਅਸਲ ਮੈਂ ਜਲੂਸ ਵਿਚ ਗੁਆਚ ਗਿਆ ਸਾਂ ਤੇ ਮਗਰੋਂ ਘਰ ਵਾਲਿਆਂ ਦੇ ਸਿਰ ਫਿਕਰਮੰਦੀ ਦਾ ਪਹਾੜ ਟੁੱਟ ਪਿਆ ਹੋਇਆ ਸੀ ਸਾਰੀ ਬਰਾਦਰੀ ਮੇਰੀ ਭਾਲ ਵਿਚ ਨਿਕਲ ਚੁਕੀ ਸੀ। ਮੇਰੀ ਮਾਂ ਦਾ ਬੁਰਾ ਹਾਲ ਹੋਇਆ ਪਿਆ ਸੀ। ਮੈਂ ਜਲੂਸ ਦੇ ਨਾਲ ਤੁਰਦਾ ਤੁਰਦਾ ਥੱਕ ਗਿਆ ਪਰ ਮੈਂ ਇਹ ਸੋਚਿਆ ਕਿ ਜੇ ਜਲੂਸ ਛਡਿਆ ਤਾਂ ਪਤਾ ਨਹੀਂ ਫੇਰ ਕਿਥੇ ਗੁਆਚ ਜਾਵਾਂ। ਸੋ ਮੇਰਾ ਨਿਰਣਾ ਸੀ ਕਿ ਜਲੂਸ ਦੇ ਵਿਚ ਹੀ ਰਹਾਂਗਾ। ਇਕ ਬਾਜ਼ਾਰ ਵਿਚ ਜਦੋਂ ਗੱਤਕੇ ਵਾਲਿਆਂ ਦੇ ਪਿੜ ਵਿਚ ਮੈਂ ਖਲੋਤਾ ਸਾਂ ਤਾਂ ਮਲਕੜੇ ਜਿਹੇ ਇਕ ਵਾਕਫ ਬੰਦੇ ਨੇ ਮੇਰੀ ਬਾਂਹ ਫੜ ਲਈ ਤੇ ਮੇਰੀ ਭਾਲ ਖਤਮ ਹੋਈ।

ਸਿਆਲਕੋਟ ਦਾ ਭੰਗੜਾ ਬੜਾ ਮਸ਼ਹੂਰ ਹੈ, ਪਰ ਇਹ ਭੰਗੜਾ ਮੈਂ ਵੇਖਿਆ ਤੇ ਮਾਣਿਆ ਰਾਵਲਪਿੰਡੀ ਵਿਚ ਹੀ। ਉਂਞ ਤਾਂ ਪਿੰਡ ਅਤੇ ਪਿੰਡੀ ਦੇ ਚੱਕਰ ਲਗਦੇ ਹੀ ਰਹਿੰਦੇ। ਪਿੰਡੀ ਦੀ ਸਫਾਈ ਤੋਂ ਅੱਕ ਜਾਂਦੇ ਤਾਂ ਪਿੰਡ ਦੀ ਮਿੱਟੀ



Sri Satguru Jagjit Singh Ji eLibrary NamdhariElibrary@gmail.com

ਯਾਦ ਆਉਂਦੀ। ਪਿੰਡ ਜਾ ਕੇ ਪਿੰਡੀ ਦੀ ਯਾਦ ਆਉਂਦੀ। ਛੁਟੀਆਂ ਦੇ ਹਿਸਾਬ-ਕਿਤਾਬ ਨਾਲ ਇਹ ਆਣ ਜਾਣ ਬਣਿਆ ਰਹਿੰਦਾ ਤੇ ਕਦੇ ਵੀ ਭੰਗੜੇ ਦੀ ਰੁੱਤੇ ਮੈਂ ਪਿੰਡ ਨਾ ਆਇਆ, ਪਰ ਵਸਾਖੀ ਤੋਂ ਪਹਿਲਾਂ ਰੋਲਪਿੰਡੀ' ਦੀਆਂ ਚਿੱਟੀਆਂ ਹਟੀਆਂ ਤੇ ਸਿਆਲਕੋਟ ਬਣ ਹੀ ਜਾਂਦਾ। ਕਹਿੰਦੇ ਨੇ ਪੱਕੀਆਂ ਕਣਕਾਂ ਵੇਖ ਕੇ ਕਿਸਾਨ ਭੰਗੜਾ ਪਾਉਂਦੇ ਨੇ ਪਰ ਸਿਆਲਕੋਟ ਦਾ ਤਾਂ ਹਰ ਬੰਦਾ ਹੀ ਭਾਂਗੜੀ ਸੀ। ਢੋਲ ਦੀ ਆਵਾਜ਼ ਤੇ ਉਹ ਪੈਰ ਚੁਕਣੋਂ ਰਹਿ ਨਹੀਂ ਸੀ ਸਕਦਾ। ਚਿੱਟੀਆਂ ਹਟੀਆਂ ਦੇ ਮੈਦਾਨ ਵਿਚ ਹੀ ਭੰਗੜੇ ਦਾ ਪਿੜ ਬੱਝਦਾ ਸੀ। ਵਿਚਕਾਰ ਢੋਲ ਵਾਲਾ ਸ਼ੇਖ ਖੜਾ ਹੁੰਦਾ। ਉਸਦੇ ਦੁਆਲੇ ਬਿਲਕੁਲ ਗੋਲ ਦਾਇਰੇ ਵਿਚ ਭੰਗੜਾ ਪਾਉਣ ਵਾਲੇ ਹੁੰਦੇ। ਉਹਨਾਂ ਦੇ ਗਿੱਟੇ ਛੋਟੇ ਵੱਡੇ ਘੁੰਗਰੂਆਂ ਵਿਚ ਲੁਕੇ ਹੁੰਦੇ। ਕਈਆਂ ਨੇ ਲੱਕਾਂ ਨਾਲ ਵੀ ਬੱਧੇ ਹੋਣੇ ਜਦੋਂ ਸ਼ੇਖ ਦੇ ਢੋਲ ਵਿਚੋਂ ਕਈ ਤਾਲਾਂ ਵਿਚ ਧਮਕ ਨਿਕਲਦੀ ਤਾਂ ਸੈਂਕੜੇ ਘੁੰਗਰੂਆਂ ਦੀ ਸਾਂਝੀ ਆਵਾਜ਼ ਭਾਂਗੜੀਆਂ ਦੇ ਪੈਰਾਂ ਚੋਂ ਨਿਕਲਦੀ ਅਤੇ ਉਹਨਾਂ ਦੇ ਗੋਲ ਘੇਰੇ ਵਿਚ ਹਰਕਤ ਆ ਜਾਂਦੀ। ਇਹ ਭਾਂਗੜੀ ਮਸਤ ਹੋ ਕੇ ਝੂਮਦੇ ਤੇ ਨਚਦੇ। ਇਹ ਅਜ ਕਲ ਦੇ ਭੰਗੜੇ ਵਾਂਗ ਨਹੀਂ ਸਨ ਨਚਦੇ ਟੱਪਦੇ ਜਾਂ ਬੈਠਕਾਂ ਕਢਦੇ ਅਤੇ ਨਾ ਹੀ ਦੰਦ ਕਢ ਕਢਕੇ ਨਚਦੇ ਸਗੋਂ ਅਖਾਂ ਮੁੰਦ ਮੁੰਦ ਕੇ ਹਥ ਪੈਰਾਂ ਨੂੰ ਮਾੜਾ ਜਿਹਾ ਹਿਲਾ ਕੇ ਮੁਦਰਾਵਾਂ ਬਣਾਉਂਦੇ। ਇਹਨਾਂ ਦੇ ਪੈਰ ਤਾਂ ਜ਼ਮੀਨ ਤੇ ਹੀ ਹੁੰਦੇ ਪਰ ਲਗਦਾ ਇਵੇਂ ਜਿਵੇਂ ਚਲ ਰਹੇ ਹੋਣ। ਥੋਹੜਾ ਪੈਰ ਅਗੇ ਪਿਛੇ ਕਰਕੇ ਜਾਂ ਘੁਮਾ ਕੇ ਖਿਸਕਾ ਕੇ ਮੁੜ ਉਥੇ ਲੈ ਆਉਂਦੇ। ਇਹ ਇਸ ਤਰ੍ਹਾਂ ਹੌਲੀ ਹੌਲੀ ਗੋਲ ਘੇਰੇ ਵਿਚ ਅਗਾਂਹ ਨੂੰ ਖਿਸਕਦੇ ਜਾਂਦੇ। ਇਕ ਦੂਜੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਮੋਢੇ ਹਿਲਾ ਕੇ ਗੁਟਾਂ ਦੀਆਂ ਹਰਕਤਾਂ ਨਾਲ ਇਵੇਂ ਨਚਦੇ ਜਿਵੇਂ ਗੀਤ ਗਾ ਰਹੇ ਹੋਣ। ਘੁੰਗਰੂਆਂ ਦੀ ਛਣ ਛਣ ਅਨੇਕ ਸੁਆਦਾਂ ਦੀ ਸਿਰਜਨਾ ਕਰਦੀ। (ਅੱਜ ਕਲਾ ਪਤਾ ਨਹੀਂ ਕਿਉਂ ਘੁੰਗਰੂਆਂ ਨੂੰ ਮਾਡਰਨ ਭੰਗੜੇ ਵਿਚੋਂ ਬਿਲਕੁਲ ਖਾਰਜ ਕਰਕੇ ਫੋਕੀ ਹੋ ਹੋ ਰਖ ਲਈ ਹੈ) ਭੰਗੜਾ ਪਾਉਣ ਵਾਲੇ ਹਰ ਉਮਰ ਦੇ ਹੁੰਦੇ ਅਤੇ ਉਹ ਸਵਾਂਗ ਬਣ ਕੇ ਵੀ ਆਉਂਦੇ। ਕੋਈ ਔਰਤ ਬਣਿਆ ਹੁੰਦਾ ਘਗਰਾ ਪਾ। ਕੋਈ ਮੇਮ ਬਣਿਆ ਹੁੰਦਾ। ਕੋਈ ਟੋਪ ਵਾਲਾ ਸਾਹਬ ਕੋਈ ਪੀ. ਟੀ. ਮਾਸਟਰ, ਕੋਈ ਪਠਾਨ ਕੋਈ ਚਿਮਟੇ ਟੱਲੀਆਂ ਵਾਲਾ ਸਾਧ ਜੋਗੀ। ਪਰ ਚਾਲ ਸਭ ਦੀ ਇਕ ਹੁੰਦੀ ਇਕ ਤਾਲ ਤੇ ਥਿਰਕਦੇ। ਲਗਦਾ ਜਿਵੇਂ ਕੋਈ ਪੰਡਿਤ, ਭਾਈ ਤੇ ਕੋਈ ਕੁੱਲੇ ਵਾਲਾ ਮੌਲਵੀ ਨਚ ਰਿਹਾ ਹੈ।

ਸਾਰੇ ਲੋਕ ਆਪਣੀ ਜ਼ਾਤ ਧਰਮ ਪਹਿਰਾਵਾ ਜਾਂ ਬੋਲੀ ਦੇ ਫਰਕ ਨੂੰ ਲਾਂਭੇ ਸਾਂਝੀ ਧੜਕਣ ਨਾਲ ਨੱਚ ਰਹੇ ਹੁੰਦੇ।

ਢੋਲ ਦੀ ਗਤੀ ਦੇ ਨਾਲ ਹੀ ਭੰਗੜੇ ਦਾ ਨਾਚ ਤੇਜ ਹੋ ਜਾਂਦਾ ਤੇ ਅਖੀਰ ਤੇ ਉਹ ਦੇਂਗੜ ਦੇਂਗੜ ਹੁੰਦੀ ਕਿ ਬੇਸੁਧੀ ਤੇ ਬੇਖੁਦੀ ਦਾ ਆਲਮ ਛਾ ਜਾਂਦਾ। ਇਸ ਵੇਲੇ ਕੋਈ ਸੁਰੀਲੀ ਆਵਾਜ਼ ਵਾਲਾ ਗਾਇਕ ਆਉਂਦਾ ਤਾਂ ਉਹ ਸੱਦ ਲਾਉਂਦਾ ਕੋਈ ਹੀਰ ਦਾ ਕੋਈ ਸੋਹਣੀ ਦਾ ਬੰਦ ਜਾਂ ਆਪਣਾ ਬਣਾਇਆ।

ਮੇਰੇ ਪਿਤਾ ਜੀ ਆਪਣੇ ਵੇਲੇ ਵਿਚ ਭੰਗੜੇ ਦੇ ਮੋਹਰੀ ਰਹੇ ਸਨ ਪਿੰਡ ਵਿਚ ਵੀ ਤੇ ਏਥੇ ਵੀ। ਉਹਨਾਂ ਨੂੰ ਵੇਖ ਕੇ ਵਾਕਫਕਾਰ ਗੁੱਟ ਫੜਕੇ ਅੰਦਰ ਲੈ ਗਏ, ਪਰ ਪਿਤਾ ਜੀ ਤਾਂ ਹੁਣ ਨਾਮਧਾਰੀਆਂ ਵਿਚ ਢੋਲਕੀ ਵਜਾਉਂਦੇ ਹੋਏ ਸ਼ਬਦ ਪੜ੍ਹਨ ਵਾਲੇ ਜਥੇਦਾਰ ਵੀ ਬਣ ਗਏ ਹੋਏ ਸਨ। ਉਂਝ ਵੀ ਸਿਆਲਕੋਟੀਆਂ ਵਿਚ ਨਾਮਧਾਰੀਆਂ ਦੇ ਦੀਵਾਨ ਅਤੇ ਭੰਗੜੇ ਵਿਚ ਸਾਂਝੀ ਦਿਲਚਸਪੀ ਸੀ। ਮੇਰੇ ਪਿਤਾ ਜੀ ਨੂੰ ਸੱਦ ਲਾਉਣ ਲਈ ਮਜਬੂਰ ਕੀਤਾ ਗਿਆ। ਕਾਰਨ ਇਹ ਸੀ ਕਿ ਓਹਨਾਂ ਦੀ ਆਵਾਜ਼ ਬਹੁਤ ਸੁਰੀਲੀ ਹੈ। ਪਿਤਾ ਜੀ ਹੁਣ ਖੁਲ੍ਹੀ ਬੋਲੀ ਤਾਂ ਪਾ ਨਹੀਂ ਸਨ ਸਕਦੇ ਇਸ ਵਾਸਤੇ ਉਹਨਾਂ ਰਾਹ ਕੱਢ ਲਿਆ। ਉਹਨਾਂ ਅੰਦਾਜ਼ ਤਾਂ ਪਹਿਲੇ ਸੱਦ ਵਾਲਾ ਰਖਿਆ, ਪਰ ਸ਼ਬਦਾਵਲੀ ਭਾਈ ਗੁਰਦਾਸ ਦੀ ਵਰਤ ਲਈ। ਕੰਨ ਵਿਚ ਉਂਗਲ ਪਾ ਕੇ ਦੂਜੀ ਬਾਂਹ ਉੱਚੀ ਕਰਕੇ ਉੱਚੀ ਸੁਰ ਵਿਚ ਉਹਨਾਂ ਹੋਕਾ ਦਿਤਾ

ਫਿਰਿ ਬਾਬਾ ਗਇਆ ਬਗਦਾਦ ਨੋ ਬਾਹਰਿ ਜਾਇ ਕੀਆ ਅਸਥਾਨਾ...... ਓਏ ਗਭਰੂਓ

ਸਾਰੇ ਭੰਗੜੇ ਵਾਲਿਆਂ ਇਕ ਲੱਤ ਚੁੱਕ ਕੇ ਦੋਵੇਂ ਬਾਹਵਾਂ ਖੜ੍ਹੀਆਂ ਕਰਕੇ—ਹਾ......ਕਰਕੇ ਉੱਤਰ ਦਿਤਾ। ਨਾਲ ਢੋਲ ਵਾਲੇ ਨੇ।

ਫੇਰ ਪਿਤਾ ਜੀ ਕਿਹਾ

ਇਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ—

ਫੇਰ ਉਵੇਂ ਹੀ ਹੋਇਆ, ਮੁੜ ਮੁੜ ਇਵੇਂ ਹੋਇਆ। ਇਵੇਂ ਪਤਾ ਨਹੀਂ ਕਿੰਨੀ ਰਾਤ ਗਈ ਤਕ ਭੰਗੜਾ ਪੈਂਦਾ ਰਹਿੰਦਾ।

ਪ੍ਰੋ: ਮੋਹਣ ਸਿੰਘ ਦੀ ਇਕ ਮਸ਼ਹੂਰ ਕਵਿਤਾ ਹੈ—"ਆਓ ਨੱਚੀਏ"। ਜਦੋਂ ਮੈਂ ਇਹ ਕਵਿਤਾ ਪੜ੍ਹੀ ਤਾਂ ਮੈਨੂੰ ਝੱਟ ਓਹੋ ਸਿਆਲਕੋਟ ਵਾਲਾ ਭੰਗੜਾ ਚੇਤੇ ਆ ਗਿਆ। ਮੇਰਾ ਯਕੀਨ ਅਜੇ ਤਕ ਕਾਇਮ ਹੈ ਕਿ ਪ੍ਰੋ: ਮੋਹਣ ਸਿੰਘ ਨੂੰ ਉਸ ਕਵਿਤਾ ਦੀ ਪ੍ਰੇਰਣਾ ਇਹ ਸਿਆਲਕੋਟੀ ਭੰਗੜਾ ਵੇਖ ਕੇ ਹੀ ਆਈ ਹੋਵੇਗੀ ਜੋ ਉਸ ਨੇ ਰਾਵਲਪਿੰਡੀ ਵਿਚ ਹੀ ਵੇਖਿਆ ਹੋਵੇਗਾ।



Sri Satguru Jagjit Singh Ji eLibrary NamdhariElibrary@gmail.com

# ਆਓ ਨੱਚੀਏ

—ਪ੍ਰੋ. ਮੋਹਨ ਸਿੰਘ

ਆਓ ਹਿੰਦੀਓ ਰਲ ਛੋਹੀਏ,
ਕੋਈ ਇਸ਼ਕ ਦਾ ਤ੍ਰਿਖੜਾ ਤਾਲ ਵਲੇ ।
ਪਰਦੇ ਚਾਈਏ, ਘੁੰਗਟ ਲਾਹੀਏ,
ਨੱਚੀਦੇ ਨਾਲੋਂ ਨਾਲ ਵਲੇ ।

ਦੇਸ਼ ਪਿਆਰ ਦੀ ਮਦਰਾ ਪੀ ਕੇ,
ਹੋਈਏ ਮਸਤ ਬਿਹਾਲ ਵਲੇ ।
ਵਲ ਵਲ ਆਈਏ ਕਲਾਵੇ ਕਰਦੇ,
ਘੁੱਟ ਘੁੱਟ ਲੱਗੀਏ ਨਾਲ ਵਲੇ ।

ਕਾਲੇ ਨੱਚਣ ਗੋਰੇ ਨੱਚਣ,
ਨੱਚਣ ਅਮੀਰ ਕੰਗਾਲ ਵਲੇ ।
ਹਿੰਦੂ ਨੱਚਣ, ਮੁਸਲਿਮ ਨੱਚਣ ।
ਕੰਮੀਂ ਤੇ ਚਮਰਾਲ ਵਲੇ ।

ਕੁੜੀਆਂ ਤੇ ਮੁਟਿਆਰਾਂ ਨੱਚਣ,
ਨੱਚਣ ਬੁੱਢੇ ਬਾਲ ਵਲੇ ।
ਚੂੜੀਆਂ ਤੇ ਚਮਰੇਟੀਆਂ ਨੱਚਣ,
ਨੱਚ ਨੱਚ ਹੋਣ ਬੇਹਾਲ ਵਲੇ ।

ਛੱਡ ਮਸੀਤਾਂ ਮੁੱਲਾਂ ਨੱਚਣ,
ਕਰਦੇ ਹਾਲੋਂ ਹਾਲ ਵਲੇ ।
ਪਾੜ ਬਗਲੀਆਂ ਜ਼ਾਹਦ ਨੱਚਣ,
ਸੂਫ਼ੀ ਮਾਰਨ ਛਾਲ ਵਲੇ ।

ਧੋਤੀ ਟੰਗਦੇ ਬਾਹਮਣ ਨੱਚਣ,
ਢਹਿ ਢਹਿ ਪੈਣ ਚੁਫਾਲ ਵਲੇ ।
ਭਾਈ ਨੱਚਣ, ਜੋਗੀ ਨੱਚਣ,
ਮਸਤ ਮਲੰਗਾਂ ਦੇ ਹਾਲ ਵਲੇ ।

ਨੱਚਣ ਮਸੀਤਾਂ ਮੰਦਰ ਨੱਚਣ,
ਨੱਚਣ ਠਾਕਰ ਦੁਆਲ ਵਲੇ ।
ਨੱਚਣ ਗਰੰਥ, ਕਤੇਬਾਂ ਨੱਚਣ,
ਵੇਦ ਵੀ ਨੱਚਣ ਨਾਲ ਵਲੇ ।

ਨੱਚਣ ਸੰਖ ਤੇ ਬਾਂਗਾਂ ਨੱਚਣ,
ਨੱਚਣ ਟੱਲ ਘੜਿਆਲ ਵਲੇ ।
ਟਿੱਕੇ ਨੱਚਣ, ਜੰਞੂ ਨੱਚਣ,
ਤਸਬੀ ਤੇ ਜਪਮਾਲ ਵਲੇ ।

ਦੋਜ਼ਖ਼ ਨੱਚਣ, ਜੰਨਤ ਨੱਚਣ,
ਹੂਰਾਂ ਦੇਵਣ ਤਾਲ ਵਲੇ ।
ਨਾਨਕ, ਰਾਮ, ਮੁਹੰਮਦ ਨੱਚਣ,
ਨੱਚਣ ਕ੍ਰਿਸ਼ਨ ਗੁਪਾਲ ਵਲੇ ।

ਜਿਉਂ ਜਿਉਂ ਨਾਚ ਤ੍ਰਿਖਾ ਹੋਵੇ,
ਜਿਉਂ ਜਿਉਂ ਚਮਕੇ ਚਾਲ ਵਲੇ ।
ਸ਼ਹੁ ਸਾਗਰ ਦੀਆਂ ਲਹਿਰਾਂ ਵਾਂਗਰ
ਬਾਹਾਂ ਖਾਣ ਉਛਾਲ ਵਲੇ ।

ਛਣਕਣ ਚੂੜੇ, ਛਣਕਣ ਬੀੜੇ,
ਛਣਕਣ ਵੰਗਾਂ ਨਾਲ ਵਲੇ ।
ਉੱਡਣ ਚੁੰਨੀਆਂ, ਪਾਟਣ ਬੁਰਕੇ,
ਗਲ ਵਿਚ ਖੁਲ੍ਹਣ ਵਾਲ ਵਲੇ ।

ਉਛਲ ਗੰਗਾ ਦੀਆਂ ਲਹਿਰਾਂ ਮਾਰਨ,
ਜ਼ਮਜ਼ਮ ਦੇ ਵਿਚ ਛਾਲ ਵਲੇ ।
ਬਾਹਮਣ ਦੇ ਗੱਲ ਜੰਞੂ ਹੋਵਣ,
ਚਮਰੇਟੀ ਦੇ ਵਾਲ ਵਲੇ ।

ਟੁੱਟਣ ਲੱਕ ਤੇ ਮੱਚਣ ਗਿੱਧੇ,
ਪੈਰ ਉਠਣ ਇਕ ਤਾਲ ਵਲੇ ।
ਲੱਖ ਨੈਣਾਂ ਦੀ ਸਾਂਝੀ ਚਮਕਣ,
ਬੱਲੇ ਲੱਖ ਮਸ਼ਾਲ ਵਲੇ ।

ਲੱਖ ਦਿਲਾਂ ਦੀ ਸਾਂਝੀ ਧੜਕਣ,
ਲਿਆਵੇ ਕੋਈ ਭੁਚਾਲ ਵਲੇ ।
ਲੱਖ ਬੁਲ੍ਹੀਆਂ ਦਾ ਸਾਂਝਾ ਹਾਸਾ,
ਬਿਜਲੀ ਦਏ ਵਿਖਾਲ ਵਲੇ ।

ਲੱਖ ਜ਼ੁਲਫਾਂ ਦੀ ਸਾਂਝੀ ਬੁਣਤਰ,
ਬਣ ਜਾਏ ਸਾਂਝਾ ਜਾਲ ਵਲੇ ।
ਇਕ ਵੇਰਾਂ ਜੇ ਰਲ ਕੇ ਹਿੰਦੀਉ,
ਨੱਚ ਪਉ ਏਦਾਂ ਨਾਲ ਵਲੇ ।

ਕਿਉਂ ਨਾ ਹੋਣ ਫਿਰ ਸੱਚੇ ਤੁਹਾਡੇ,
ਸੁਪਨੇ ਅਤੇ ਖਿਆਲ ਵਲੇ ।



Sri Satguru Jagjit Singh Ji eLibrary NamdhariElibrary@gmail.com

# ਦੋ ਕਵਿਤਾਵਾਂ

—ਅਜਾਇਬ ਸਿੰਘ—

## ਜੋਦੜੀ

ਪ੍ਰਭ ਜੀ ਮੰਨਿਆ ਤੂੰ ਬਖਸ਼ਿੰਦ ਹੈਂ
ਪਰ ਮੈਨੂੰ ਇਹ ਗੇੜ ਨਾ ਪਾਓ
ਪਹਿਲਾਂ ਪਾਪ ਕਮਾਵਾਂ
ਫੇਰ ਤੈਥੋਂ ਬਖਸ਼ਾਵਣ ਆਵਾਂ
ਪਹਿਲਾਂ ਚਿਕੜ 'ਚ ਲਿਬੜਾਂ
ਫੇਰ ਗੰਗਾ ਨਹਾਵਣ ਜਾਵਾਂ
ਉਮਰ ਭਰ ਮਨਫੀ ਜਮਾਂ ਹੀ ਕਰਦਾ ਜਾਵਾਂ
ਖਾਲੀ ਹਥ ਮੂੰਹ ਲਟਕਾਈ ਤੇਰੇ ਦਰਬਾਰ ਆਵਾਂ।

ਪ੍ਰਭ ਜੀ ਮੈਨੂੰ ਸ਼ਕਤੀ ਦਿਓ
ਕਿ ਮੇਰਾ ਕਿਰਦਾਰ
ਦੁੱਧ-ਚਿੱਟਾ ਖੂੰਬ ਰੰਗਾ ਹੋਵੇ
ਮੇਰਾ ਦਾਮਨ ਹਰ ਪਾਸਿਉਂ ਪਾਕ ਪਵਿਤਰ
ਬਿਨਾਂ ਧਬੇ ਮੇਰਾ ਜੀਵਨ ਚਰਿਤਰ
ਮਹਿਕਾਂ ਵੰਡਦਾ ਖੁਸ਼ਬੋਆਂ ਖਿਲਾਰਦਾ
ਜਿਥੋਂ ਲੰਘਾਂ ਕੰਡੇ ਬੁਹਾਰਦਾ।

ਹਾਂ ਜਦ ਭੀ ਤੇਰੇ ਦਰ ਆਵਾਂ
ਦੁਖੀਆਂ ਮੁਹਤਾਜਾਂ ਲਈ ਮੰਗਾਂ ਦੁਆਵਾਂ
ਕਿਸੇ ਨੰਗੇ ਨੂੰ ਕਜਾਂ
ਕੋਈ ਭੁਖਾ ਰਜਾਵਾਂ,
ਤੇਰੀ ਰਜ਼ਾ 'ਚ ਜੀਵਾਂ,
ਹੁਕਮ ਤੇਰਾ ਕਮਾਵਾਂ
ਅਪਣੇ ਲਈ ਕੁਝ ਭੀ ਨਾ ਮੰਗਾਂ
ਹੋਰਾਂ ਲਈ ਮੰਗਦਾ ਹੀ ਜਾਵਾਂ
ਜੋਦੜੀ ਮੇਰੀ ਕਬੂਲੋ
ਭਰ ਦਿਉ ਦਾਮਨ ਮੇਰਾ
ਖੁਸ਼ੀਆਂ ਤੇ ਚਾਵਾਂ।

## ਫ਼ਕੀਰੀ ਦੀ ਅਮੀਰੀ

ਹੋਰ ਸਭ ਦੀਆਂ ਜਾਤਾਂ ਉੱਚੀਆਂ,
ਇਕ ਨੀਵੀਂ ਜਾਤ ਫ਼ਕੀਰ ਦੀ।

ਦਰਦ ਕਿਸੇ ਦਾ ਪੀੜ ਕਿਸੇ ਦੀ,
ਉਹਦਾ ਸੀਨਾ ਜਾਵੇ ਚੀਰਦੀ।

ਕੱਲਮ ਕੱਲਾ ਅੱਲਾ ਅੱਲਾ,
ਲੋੜ ਨਾ ਕਿਸੇ ਵਹੀਰ ਦੀ।

ਸੁੱਕੇ ਟੁੱਕਰ ਸ਼ੁੱਕਰ ਸ਼ੁੱਕਰ,
ਨਾ ਚਾਹਣਾ ਮੱਖਣ ਖ਼ੀਰ ਦੀ।

ਪਾਟੀਆਂ ਲੀਰਾਂ ਮੌਜ ਫ਼ਕੀਰਾਂ,
ਕਿਆ ਸ਼ਾਨ ਹੈ ਸ਼ਾਹੀ ਅਮੀਰ ਦੀ।

ਧਰਤ ਤਲਾਈ ਅਰਸ਼ ਰਜਾਈ,
ਇਹ ਹੱਡੀ ਕਿਹੜੇ ਖ਼ਮੀਰ ਦੀ।

ਹਰਦਮ ਖਿੜਿਆ ਮਹਿਕੀਂ ਘਿਰਿਆ,
ਸਿਰੀਂ ਬਖਸ਼ਸ਼ ਸੱਚੇ ਪੀਰ ਦੀ।

ਸਭ ਦੀ ਖ਼ੈਰ ਕੋਈ ਨਾ ਗੈਰ,
ਸਦਾ ਇਹੋ ਰਵੀਦਾਸ ਕਬੀਰ ਦੀ।



Sri Satguru Jagjit Singh Ji eLibrary NamdhariElibrary@gmail.com

# ਅੰਤਰਯਾਮੀ ਸਤਿਗੁਰੂ

—ਬਲਦੇਵ ਸਿੰਘ—

ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜ਼ਿਕਰ ਆਉਂਦਿਆਂ ਹੀ ਸਿਰ ਸ਼ਰਧਾ ਅਤੇ ਪ੍ਰੇਮ ਨਾਲ ਝੁਕ ਜਾਂਦਾ ਹੈ ਅਤੇ ਉਨ੍ਹਾਂ ਦੇ ਜੀਵਨ ਵਿਚਲੀ ਕੋਈ ਨਾ ਕੋਈ ਯਾਦ ਫਿਲਮ ਵਾਂਗ ਅਖਾਂ ਸਾਹਮਣੇ ਮੂਰਤੀਮਾਨ ਹੋ ਜਾਂਦੀ ਹੈ। ਮੈਂ ਕੋਈ ਅੱਠ ਕੁ ਵਰ੍ਹਿਆਂ ਦਾ ਸਾਂ ਜਦੋਂ ਸ੍ਰੀ ਸਤਿਗੁਰੂ ਪਾਤਸ਼ਾਹ ਦੇਹ ਦਾ ਉਹਲਾ ਕਰ ਗਏ। ਮੇਰੇ ਜੀਵਨ ਵਿਚ ਵਾਪਰੀਆਂ ਉਹਨਾਂ ਦੀਆਂ ਮੇਹਰਾਂ ਵਿਚੋਂ ਇਕ ਦਾ ਜ਼ਿਕਰ ਮੈਂ ਇਕ ਲੇਖ ਵਿਚ ਕਰ ਚੁਕਾ ਹਾਂ। ਅਜ ਮੈਂ ਜੋ ਦਸਣਾ ਹੈ ਇਸ ਦਾ ਸਰੋਤ ਗਿ: ਮਹਿਲ ਸਿੰਘ ਅਬਰੋਲ ਮਾਡਲ ਟਾਊਨ ਜਲੰਧਰ ਵਾਲੇ ਹਨ। ਇਹ ਸਾਖੀ ਮੇਰੇ ਜਨਮ ਤੋਂ ਪਹਿਲਾਂ ਦੀ ਹੈ।

ਗਿਆਨੀ ਜੀ ਦਸਦੇ ਹਨ ਕਿ ਮੇਰੀ ਬਚਪਨ ਤੋਂ ਹੀ ਸਾਧਾਂ ਮਹਾਂ ਪੁਰਸ਼ਾਂ ਵਿਚ ਕਾਫੀ ਸ਼ਰਧਾ ਸੀ ਅਤੇ ਮੈਂ ਪਰਿਵਾਰ ਸਹਿਤ ਚੌੜਾ ਬਾਜ਼ਾਰ ਲੁਧਿਆਣੇ ਵਿਚ ਰਹਿੰਦਾ ਸਾਂ। ਇਕ ਦਿਨ ਮੈਂ ਬਾਜ਼ਾਰ ਵਿਚ ਖਲੋਤਾ ਸਾਂ ਤਾਂ ਦੇਖਿਆ ਕਿ ਇਕ ਕਾਰ ਆ ਕੇ ਖੜੀ ਹੋਈ ਹੈ ਅਤੇ ਉਸ ਵਿਚੋਂ ਕੁਝ ਚਿੱਟੇ ਕਪੜੇ ਪਾਏ ਹੋਏ ਸਰੀਰਾਂ ਦੇ ਵਿਚ ਘਿਰਿਆ ਹੋਇਆ ਇਕ 'ਫਰਿਸ਼ਤਾ' ਇਲਾਹੀ ਨੂਰ ਖਿਲਾਰ ਰਿਹਾ ਹੈ। ਦੂਰੋਂ ਦਰਸ਼ਨਾਂ ਉਪਰੰਤ ਮੇਰਾ ਮਨ ਉਸ ਮਿਕਨਾਤੀਸੀ ਸ਼ਕਤੀ ਵਲ ਖਿਚਿਆ ਗਿਆ। ਲਾਗੇ ਜਾ ਕੇ ਨਮਸਕਾਰ ਕਰਨ ਦੀ ਲਾਲਸਾ ਦਾ ਜਨਮ ਹੋਇਆ। ਬਾਬਾ ਜੀ (ਸਤਿਗੁਰੂ ਜੀ) ਵਾਸਤੇ ਮੈਂ ਅੰਗੂਰ ਲਏ ਅਤੇ ਉਨ੍ਹਾਂ ਵਲ ਨੂੰ ਨਮਸ਼ਕਾਰੀ ਕਦਮ ਵਧਾਏ। ਲਾਗੇ ਅਪੜ ਕੇ ਜਦੋਂ ਮੈਂ ਮੱਥਾ ਟੇਕਣ ਲਗਾ ਸਾਂ ਉਹ ਕਾਰ ਵਿਚ ਬੈਠ ਗਏ ਸਨ ਉਦੋਂ ਮੈਂ ਆਮ ਕਰਕੇ ਗੁਲਾਬੀ ਤੁੱਰੇ ਵਾਲੀ ਪੱਗ ਬੰਨ੍ਹਿਆ ਕਰਦਾ ਸਾਂ। ਜਦੋਂ ਮੈਂ ਅੰਗੂਰ ਦਾ ਪਰਸਾਦ ਰੱਖ ਕੇ ਮੱਥਾ ਟੇਕਿਆ ਤਾਂ ਨਾਲ ਦੇ ਸੇਵਕਾਂ ਵਿਚੋਂ ਇਕ ਨੇ ਆਖਿਆ ਇਹ ਖੁਲ੍ਹਿਆਂ ਦਾ ਪ੍ਰਸ਼ਾਦ ਹੈ ਅਤੇ ਪ੍ਰਵਾਨ ਨਹੀਂ। ਗਿਆਨੀ ਮਹਿਲ ਸਿੰਘ ਅੰਮ੍ਰਿਤਧਾਰੀ ਸਿੰਘ ਹਨ। ਉਹ ਕਹਿੰਦੇ ਹਨ ਕਿ ਮੇਰੇ ਮਨ ਤੇ ਮੇਰੀ ਸ਼ਰਧਾ ਨੂੰ ਬੜੀ ਸੱਟ ਵੱਜੀ। ਮੈਂ ਅਜੇ ਪਿਛਾਂਹ ਵੀ ਨਹੀਂ ਸਾਂ ਹੋਇਆ ਕਿ ਬਾਬਾ ਜੀ ਨੇ ਆਪ ਹੱਥ ਵਧਾ ਕੇ ਮੇਰੇ ਹੱਥੋਂ ਉਹ ਅੰਗੂਰਾਂ ਦਾ ਲਿਫਾਫਾ ਫੜ ਲਿਆ ਅਤੇ ਆਖਿਆ ਇਹ ਇਨ੍ਹਾਂ ਨੂੰ ਪ੍ਰਵਾਨ ਨਹੀਂ, ਪਰ ਮੈਨੂੰ ਪ੍ਰਵਾਨ ਹਨ। ਉਸ ਦੁੱਧ ਚਿੱਟੇ ਨੂਰੋ-ਨੂਰ ਅੰਤਰਯਾਮੀ 'ਫਰਿਸ਼ਤੇ' ਨੇ ਮੇਰੇ ਲਿਆਂਦੇ ਅੰਗੂਰ ਪ੍ਰਵਾਨ ਕਰਕੇ ਹਰ ਇਕ ਨਾਨਕ ਨਾਮ ਲੇਵਾ ਸ਼ਰਧਾਲੂ ਸਿੱਖ ਦੀ ਸ਼ਰਧਾ ਦੀ ਲਾਜ ਰਖ ਲਈ ਤੇ ਆਪਣੇ ਨਿੱਘੇ ਸੁਭਾਅ ਨਾਲ ਮੇਰੀਸ਼੍ਰਧਾ ਹੋਰ ਵਧਾਦਿਤੀ।

ਇਸ ਘਟਨਾ ਤੋਂ ਬਾਅਦ ਗਿਆਨੀ ਜੀ ਦੱਸਦੇ ਹਨ ਕਿ ਮੈਂ ਉਸ ਦੇਵੀ ਨੂਰ ਦਾ ਦੀਦਾਰ ਕਰਨ ਲਈ ਲਗਪਗ ਹਰ ਐਤਵਾਰ ਸ੍ਰੀ ਭੈਣੀ ਸਾਹਿਬ ਜਾਣ ਲਗ ਪਿਆ, ਕਿਉਂਕਿ ਮੇਰੀ ਸ਼ਰਧਾ ਨੂੰ ਬਾਬਾ ਜੀ (ਸ੍ਰੀ ਸਤਿਗੁਰੂ ਜੀ) ਨੇ ਬੜਾ ਹੀ ਪਿਆਰ ਤੇ ਸਨੇਹ ਬਖਸ਼ਿਆ ਅਤੇ ਮੈਨੂੰ ਕਦੀ ਵੀ ਆਪਣੇ ਤੋਂ ਬੇਮੁਖ ਨਹੀਂ ਹੋਣ ਦਿਤਾ। ਇਕ ਵਾਰੀ ਲੁਧਿਆਣੇ ਵਿਚ ਹੋਏ ਮੇਲੇ ਤੇ ਉਨ੍ਹਾਂ ਮੇਰੇ ਕੋਲੋਂ ਸਟੇਜ ਸਕੱਤਰੀ ਕਰਵਾਈ। ਜਦੋਂ ਮੈਨੂੰ ਇਸ ਸੇਵਾ ਵਾਸਤੇ ਹੁਕਮ ਕੀਤਾ ਤਾਂ ਮੈਂ ਜਲਦੀ ਨਾਲ ਗੋਲ ਅਤੇ ਚਿੱਟੀ ਪੱਗ ਬੰਨ੍ਹਣ ਵਾਸਤੇ ਜਾਣ ਲਗਾ ਤਾਂ ਬਾਬਾ ਜੀ ਨੇ ਫਰਮਾਇਆ ਇਸ ਦੀ ਕੋਈ ਲੋੜ ਨਹੀਂ। ਅਜ ਸਾਡਾ ਕਲਗੀਆਂ ਵਾਲਾ ਇਸੇ ਤਰ੍ਹਾਂ ਹੀ ਸਟੇਜ ਸਕੱਤਰੀ ਕਰੇਗਾ। ਉਨ੍ਹਾਂ ਦੀ ਇਸ ਵਿਸ਼ਾਲਤਾ ਅਤੇ ਸਤਕਾਰ ਨੇ ਮੈਨੂੰ ਆਪਣਾ ਪੱਕਾ ਮੁਰੀਦ ਬਣਾ ਲਿਆ।

ਇਸ ਤੋਂ ਬਾਅਦ ਦੀ ਇਕ ਹੋਰ ਘਟਨਾ ਬਾਰੇ ਗਿਆਨੀ ਜੀ ਕਹਿੰਦੇ ਹਨ ਕਿ ਐਤਵਾਰ ਸੀ ਅਤੇ ਮੈਂ ਭੈਣੀ ਸਾਹਿਬ ਜਾਣਾ ਸੀ ਕਿ ਮੇਰੇ ਬਹੁਤ ਹੀ ਨਜ਼ਦੀਕੀ ਰਿਸ਼ਤੇਦਾਰ ਆ ਗਏ। ਮੈਂ ਉਨ੍ਹਾਂ ਨੂੰ ਆਖਿਆ ਕਿ ਤੁਸੀਂ ਪ੍ਰਸ਼ਾਦਾ ਪਾਣੀ ਛਕੋ ਅਤੇ ਆਰਾਮ ਕਰੋ ਮੈਂ ਭੈਣੀ ਸਾਹਿਬ ਬਾਬਾ ਜੀ ਦੇ ਦਰਸ਼ਨਾਂ ਨੂੰ ਜਾਣਾ ਹੈ। ਸ੍ਰੀ ਭੈਣੀ ਸਾਹਿਬ ਅਤੇ ਸਤਿਗੁਰੂ ਜੀ ਬਾਰੇ ਚਰਚਾ ਤੋਂ ਬਾਅਦ ਉਨ੍ਹਾਂ ਦੇ ਉਹ ਰਿਸ਼ਤੇਦਾਰ ਵੀ ਸ੍ਰੀ ਭੈਣੀ ਸਾਹਿਬ ਜਾਣ ਲਈ ਗਿਆਨੀ ਜੀ ਦੇ ਨਾਲ ਹੋ ਤੁਰੇ।

ਗਰਮੀਆਂ ਦੇ ਦਿਨ ਦੁਪਹਿਰ ਹੋਣ ਵਾਲੀ ਸੀ। ਸ੍ਰੀ ਭੈਣੀ ਸਾਹਿਬ ਨੂੰ ਕੱਚਾ ਰਸਤਾ ਅਤੇ ਪੈਦਲ ਸਫਰ ਅਤੇ ਉਤੋਂ ਭੁੱਖ ਦਾ ਜ਼ੋਰ। ਗਿਆਨੀ ਜੀ ਦਾ ਰਿਸ਼ਤੇਦਾਰ ਕਹਿਣ ਲੱਗਾ ਕਿ ਜੇ ਗੁਰੂ ਅੰਤਰਯਾਮੀ ਹੈ ਤਾਂ ਪਹਿਲਾਂ ਜਾਂਦਿਆਂ ਨੂੰ ਰੋਟੀ ਖਵਾਵੇ ਅਤੇ ਫੇਰ ਤੁਸੀਂ ਕਹਿੰਦੇ ਹੋ ਕਿ ਉਨ੍ਹਾਂ ਕੋਲ ਕਾਰਾਂ ਵੀ ਹਨ ਤੇ ਜੇ ਹਨ ਤਾਂ ਸਾਡੇ ਕਿਸ ਕੰਮ। ਜਾਂ ਤਾਂ ਵਾਪਸੀ ਲਈ ਸਾਨੂੰ ਵੀ ਕਾਰ ਦੇ ਦੇਣ। ਇਸ ਤਰ੍ਹਾਂ ਦੀਆਂ ਗਲਾਂ ਕਰਦੇ ਕਰਦੇ ਸ੍ਰੀ ਭੈਣੀ ਸਾਹਿਬ ਪਹੁੰਚ ਗਏ।

ਦੁਪਹਿਰ ਦਾ ਸਿਖਰ ਸੀ। ਸ੍ਰੀ ਭੈਣੀ ਸਾਹਿਬ ਪਹੁੰਚਣ ਤੇ ਅਗੋਂ ਇਕ ਸੇਵਾਦਾਰ ਨੇ ਸਵਾਗਤ ਕੀਤਾ ਅਤੇ ਪੁਛਿਆ ਕੀ ਤੁਸੀਂ ਲੁਧਿਆਣੇ ਤੋਂ ਆਏ ਹੋ? ਗਿਆਨੀ ਜੀ ਨੇ ਆਖਿਆ, ਹਾਂ। ਕਿਉਂ ਕੀ ਗਲ ਹੈ? ਤਾਂ ਉਸ ਸਿੱਖ ਨੇ ਆਖਿਆ ਕਿ ਸ੍ਰੀ ਸਤਿਗੁਰੂ ਸੱਚੇ ਪਾਤਸ਼ਾਹ ਜੀ ਬਚਨ ਕੀਤਾ ਹੈ ਕਿ ਲੁਧਿਆਣੇ ਤੋਂ ਤਿੰਨ ਸਰੀਰ ਆ ਰਹੇ ਹਨ ਉਨ੍ਹਾਂ ਨੂੰ ਪਰਸ਼ਾਦਾ ਛਕਾ ਕੇ ਮੇਰੇ ਬਰਾਜਣ ਵਾਲੇ ਕਮਰੇ ਵਿਚ ਲੈ ਆਵੋ। ਇਹ ਸੁਣ ਕੇ ਗਿਆਨੀ ਜੀ ਦਾ ਰਿਸ਼ਤੇਦਾਰ



Sri Satguru Jagjit Singh Ji eLibrary NamdhariElibrary@gmail.com

ਹੈਰਾਨ ਹੋਇਆ ਪਰ ਫੇਰ ਸੋਚਣ ਲਗਾ ਕਿ ਗਿਆਨੀਜੀ ਦੇ ਆਉਣ ਦਾ ਤਾਂ ਇਨ੍ਹਾਂ ਨੂੰ ਪਹਿਲਾਂ ਹੀ ਪਤਾ ਹੋਣਾ ਇਸੇ ਲਈ ਪ੍ਰਸ਼ਾਦਾ ਪੁਛਿਆ। ਪ੍ਰਸ਼ਾਦਾ ਛਕ ਕੇ ਗੁਰੂ ਦਰਸ਼ਨਾਂ ਨੂੰ ਗਏ ਮੱਥਾ ਟੇਕਿਆ। ਅਸ਼ੀਰਵਾਦ ਲਿਆ ਅਤੇ ਬਚਨ ਬਿਲਾਸ ਸੁਣੇ ਅਤੇ ਆਪਣੀਆਂ ਗੱਲਾਂ ਵੀ ਕੀਤੀਆਂ ਅਤੇ ਫਿਰ ਗਿਆਨੀ ਜੀ ਕਹਿੰਦੇ ਹਨ ਕਿ ਅਸੀਂ ਬਾਬਾ ਜੀ ਪਾਸੋਂ ਵਾਪਸ ਆਉਣ ਲਈ ਆਗਿਆ ਮੰਗੀ। ਇਸ ਸਮੇਂ ਵਿਚ ਹੀ ਸ੍ਰੀ ਸਤਿਗੁਰੂ ਜੀ ਨੇ ਆਪਣੇ ਕਾਰ ਚਾਲਕ ਨੂੰ ਕਾਰ ਸਾਫ ਕਰਕੇ ਤਿਆਰ ਰਹਿਣ ਲਈ ਹੁਕਮ ਕੀਤਾ। ਕਾਰ ਬਾਹਰ ਤਿਆਰ ਖਲੋਤੀ ਸੀ ਗਿਆਨੀ ਜੀ ਨੂੰ ਵੀ ਆਗਿਆ ਮਿਲ ਗਈ। ਸਤਿਗੁਰੂ ਜੀ ਆਪ ਉਠ ਕੇ ਬਾਹਰ ਆਏ ਅਤੇ ਕਾਰ ਦਾ ਦਰਵਾਜ਼ਾ ਖੋਲ੍ਹ ਕੇ ਕਹਿਣ ਲਗੇ 'ਮਹਿਲ ਸਿਹਾਂ ਚਲ ਆ ਬੈਠ। ਗਿਆਨੀ ਜੀ ਨੇ ਆਖਿਆ ਬਾਬਾ ਜੀ ਇਹ ਤਾਂ ਆਪ ਜੀ ਦੀ ਕਾਰ ਹੈ ਅਤੇ ਨਾਲੇ ਇਥੇ ਤਾਂ ਤੁਸੀਂ ਹੀ ਸਸ਼ੋਭਤ ਹੁੰਦੇ ਹੋ (ਸਤਿਗੁਰੂ ਜੀ ਨੇ ਆਪਣੀ ਸੀਟ ਤੇ ਬਹਿਣ ਲਈ ਆਖਿਆ ਸੀ) ਮੈਂ ਕਿਵੇਂ ਬੈਠ ਸਕਦਾ ਹਾਂ। ਇਹ ਆਪ ਦੀ ਜਗ੍ਹਾ ਹੈ ਇਸ ਉਤੇ ਬੈਠਣਾ ਮੇਰੇ ਲਈ ਪਾਪ ਹੈ, ਇਹ ਪਾਪ ਮੈਂ ਨਹੀਂ ਕਰ ਸਕਦਾ, ਮੈਂ ਇਸਨੂੰ ਕਿਥੋਂ ਬਖਸ਼ਾਵਾਂਗਾ। ਸਤਿਗੁਰੂ ਜੀ ਬਚਨ ਕੀਤਾ। ਨਾਲੇ ਮੈਨੂੰ ਬਾਬਾ ਕਹਿਨਾ ਅਤੇ ਨਾਲੇ ਆਖੇ ਨਹੀਂ ਲਗਦਾ। ਕੀ ਪੁੱਤਰ ਪਿਤਾ ਦੀ ਕਾਰ ਵਿਚ ਨਹੀਂ ਬੈਠ ਸਕਦਾ? ਜੇ ਤੂੰ ਮੇਰਾ ਬਚਨ ਮੰਨਣਾ ਹੈ ਤਾਂ ਬੈਠ ਜਾ। ਹੁਣ ਕਾਰ ਵਿਚ ਸਵਾਰ ਹੋਣ ਤੋਂ ਇਲਾਵਾ ਕੋਈ ਚਾਰਾ ਨਹੀਂ ਸੀ।

ਗਿਆਨੀ ਜੀ ਦੱਸਦੇ ਹਨ ਕਿ 'ਬਾਬਾ ਜੀ' ਦਾ ਹੁਕਮ ਮੰਨ ਕੇ ਅਸੀਂ ਤਿੰਨੇ ਜਣੇ ਕਾਰ ਵਿਚ ਬੈਠ ਗਏ। ਬਾਬਾ ਜੀ (ਸਤਿਗੁਰੂ ਜੀ) ਨੇ ਆਖਿਆ ਕਿ ਇਨ੍ਹਾਂ ਨੂੰ ਲੁਧਿਆਣੇ ਚੌੜੇ ਬਾਜ਼ਾਰ ਵਿਚ ਛੱਡ ਕੇ ਆਉਣਾ। ਇਹ ਸੁਣ ਵੇਖ ਕੇ ਗਿਆਨੀ ਜੀ ਦੇ ਰਿਸ਼ਤੇਦਾਰ ਕੋਲ ਸ਼ੰਕਾ ਦਾ ਕੋਈ ਕਾਰਨ ਨ ਬਚਿਆ ਅਤੇ ਉਹ ਓਸੇ ਸਮੇਂ ਸ਼ਰਧਾ ਅਤੇ ਪ੍ਰੇਮ ਭਗਤੀ ਨਾਲ ਸਤਿਗੁਰੂ ਜੀ ਦੇ ਚਰਨਾਂ ਤੇ ਨਤਮਸਤਕ ਹੋ ਗਿਆ।

ਗਿਆਨੀ ਜੀ ਦੱਸਦੇ ਹਨ ਕਿ ਸੜਕ ਤੇ ਪਹੁੰਚ ਕੇ ਅਸੀਂ ਕਾਰ ਰੁਕਵਾ ਲਈ ਅਤੇ ਥੱਲੇ ਉਤਰ ਗਏ ਕਿ ਅਸੀਂ ਹੁਣ ਆਪੇ ਬੱਸ ਚੜ੍ਹ ਕੇ ਲੁਧਿਆਣੇ ਚਲੇ ਜਾਵਾਂਗੇ। ਡਰਾਈਵਰ ਨੂੰ ਵੀ ਰਾਜ਼ੀ ਕਰ ਲਿਆ ਕਿ ਬਾਬਾ ਜੀ ਤੈਨੂੰ ਕੁਝ ਨਹੀਂ ਆਖਣਗੇ। ਪਰ ਉਹ ਸਾਡੇ ਬੱਸ ਵਿਚ ਚੜ੍ਹਨ ਤਕ ਉਥੇ ਹੀ ਖਲੋਤਾ ਰਿਹਾ। ਦੂਰੋਂ ਬੱਸ ਆਉਂਦੀ ਵੇਖ ਕੇ ਅਸੀਂ ਸੜਕ 'ਤੇ ਚੜ੍ਹੇ। ਬੱਸ ਵਿਚੋਂ ਅਤੇ ਉਤੋਂ ਵੀ ਭਰੀ ਹੋਈ ਸੀ ਅਸੀਂ ਸੋਚਿਆ ਕਿ ਚਲੋ ਦੂਸਰੀ ਬੱਸੇ ਚਲੇ ਜਾਵਾਂਗੇ। ਸਾਡੇ ਨੇੜੇ ਆ ਕੇ ਬੱਸ ਰੁਕੀ ਅਤੇ ਬੱਸ ਦੇ ਡਰਾਈਵਰ ਨੇ ਆਪਣੇ ਪਿੱਛੇ ਵਾਲੀ ਸੀਟ ਤੇ ਬੈਠੀਆਂ ਤਿੰਨ ਸਵਾਰੀਆਂ ਨੂੰ ਸੀਟ ਖਾਲੀ ਕਰਨ ਲਈ ਆਖਿਆ ਅਤੇ ਕਿਹਾ ਕਿ ਤੁਸੀਂ ਜਾਂ ਛੱਤ ਤੇ ਚਲੇ ਜਾਵੋ ਜਾਂ ਆਪਣੀਆਂ ਟਿਕਟਾਂ ਦੇ ਪੈਸੇ ਵਾਪਸ ਲੈ ਲਵੋ। ਮੈਂ ਇਹ ਤਿੰਨ ਸਵਾਰੀਆਂ ਜ਼ਰੂਰ ਲੈ ਕੇ ਜਾਣੀਆਂ ਹਨ ਨਹੀਂ ਤੇ ਮੇਰੀ ਬਸ ਰਾਹ ਵਿਚ ਹੀ ਐਕਸੀਡੈਂਟ ਹੋ ਜਾਣੀ ਹੈ। ਗਿਆਨੀ ਪਰਿਵਾਰ ਅਤੇ ਰਿਸ਼ਤੇਦਾਰ ਸਮੇਤ ਬਸ ਵਿਚ ਚੜ੍ਹ ਗਏ।

ਲੁਧਿਆਣਾ ਸ਼ਹਿਰ ਆ ਗਿਆ ਬਸ ਖਾਲੀ ਹੋ ਗਈ ਪਰ ਡਰਾਈਵਰ ਨੇ ਸਾਨੂੰ ਬਸ ਵਿਚੋਂ ਨਾ ਉਤਰਨ ਦਿਤਾ ਅਤੇ ਬਸ ਚੌੜੇ ਬਾਜ਼ਾਰ ਮੇਰੇ ਘਰ ਦੇ ਥੱਲੇ ਲਿਆ ਖੜੀ ਕੀਤੀ ਅਤੇ ਨਾਲੇ ਮੈਨੂੰ ਮੱਥਾ ਟੇਕਿਆ ਕਿ ਅਜ ਤੁਹਾਡੀ ਮੇਹਰਬਾਨੀ ਨਾਲ ਮੇਰੀ ਬੱਸ ਬਚ ਗਈ ਹੈ। ਹੋਰ ਉਸਨੇ ਸਾਡੇ ਕੋਲੋਂ ਕਿਰਾਇਆ ਵੀ ਨਹੀਂ ਲਿਆ ਸੀ।

ਅਗਲੇ ਐਤਵਾਰ ਨੂੰ ਗਿਆਨੀ ਜੀ ਨੇ ਉਹ ਕਿਰਾਏ ਦੇ ਪੈਸੇ ਸਤਿਗੁਰੂ ਜੀ ਨੂੰ ਮੱਥਾ ਟੇਕੇ। ਮੱਥਾ ਟੇਕਣ ਤੋਂ ਪਹਿਲਾਂ ਹੀ ਸਤਿਗੁਰੂ ਜੀ ਨੇ ਬਚਨ ਕੀਤਾ ਕਿ ਪਹਿਲਾਂ ਇਹ ਦੱਸ ਤੂੰ ਕਾਰ ਵਿਚ ਲੁਧਿਆਣੇ ਕਿਉਂ ਨਹੀਂ ਗਿਆ ਸਾਨੂੰ ਤੇਰੇ ਵਾਸਤੇ ਉਸ ਡਰਾਈਵਰ ਦੇ ਮੱਥੇ ਲੱਗਣਾ ਪਿਆ (ਬੱਸ ਦੇ ਡਰਾਈਵਰ ਨੇ ਸ਼ਰਾਬ ਪੀਤੀ ਹੋਈ ਸੀ) ਅਤੇ ਫਿਰ ਸਤਿਗੁਰੂ ਜੀ ਬਚਨ ਕੀਤਾ ਕਿ ਇਨ੍ਹਾਂ ਪੈਸਿਆਂ ਦਾ ਪ੍ਰਸ਼ਾਦ ਵੰਡ ਦੇਈਂ।

ਇਸ ਅੰਤਰਯਾਮੀ ਨੂਰ ਪਾਤਸ਼ਾਹੀ ਵਾਸਤੇ ਗਿਆਨੀ ਜੀ ਕਹਿੰਦੇ ਹਨ ਕਿ ਮੈਂ ਆਪਣੀ ਜ਼ਿੰਦਗੀ ਵਿਚ ਇਹੋ ਜਿਹਾ ਵਿਦਵਾਨ ਅਤੇ ਪੂਰਨ ਸਾਧੂ ਨਹੀਂ ਦੇਖਿਆ ਜਿਸ ਨੂੰ ਦਸਮ ਗ੍ਰੰਥ, ਆਦਿ ਗ੍ਰੰਥ, ਸਰਬ ਲੋਹ ਗ੍ਰੰਥ ਆਦਿ ਸਭ ਕੰਠ ਸਨ ਉਹ ਹਰਫਨ ਮੌਲਾ ਸਾਧੂ, ਸਹੀ ਸ਼ਬਦਾਂ ਵਿਚ "ਸਤਿਗੁਰੂ" ਸੀ ਉਸ ਵਿਚ ਵੈਰ ਵਿਰੋਧ ਨਹੀਂ ਸੀ ਮੇਰ-ਤੇਰ ਨਹੀਂ ਸੀ। ਜਿਵੇਂ ਸਤਿਗੁਰੂ ਸਾਰੀ ਸੰਗਤ ਦਾ ਹੁੰਦਾ ਹੈ ਉਸ ਦੀ ਮਿਸਾਲ ਸਨ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ। ਉਨ੍ਹਾਂ ਨੇ ਆਪਣੇ ਜੀਵਨ ਵਿਚ ਭਜਨ, ਸਿਮਰਨ, ਰਹਿਣ-ਸਹਿਣ, ਸੰਗੀਤ, ਘੋੜ-ਸਵਾਰੀ, ਪਸ਼ੂ-ਪਾਲਣ, ਹਵਨ ਯੱਗ ਤੋਂ ਇਲਾਵਾ ਦੇਸ਼ ਧਰਮ ਆਜ਼ਾਦੀ ਅਤੇ ਸਮਾਜਿਕ ਕੁਰੀਤੀਆਂ ਨੂੰ ਦੂਰ ਕਰਨ ਦਾ ਹੀਲਾ ਕੀਤਾ ਅਤੇ ਇਸ ਤੁਕ ਨੂੰ ਸਾਰਥਿਕ ਕੀਤਾ :

"ਮਾਨਸ ਕੀ ਜਾਤਿ ਸਭੈ ਏਕ ਪਹਿਚਾਨਬੋ"



Sri Satguru Jagjit Singh Ji eLibrary NamdhariElibrary@gmail.com

# ਸਖ਼ੀ ਫ਼ਕੀਰ

—ਅਮਰ ਭਾਰਤੀ

ਢਿੱਲੀ ਪੈਂਟ, ਖੁੱਲ੍ਹੇ ਕੋਟ, ਕਮੀਜ਼ ਦੇ ਹੇਠਾਂ ਵੱਡੇ ਵੱਡੇ ਬੋਝਿਆਂ ਵਾਲੀ ਫਤੂਹੀ, ਕੱਸੀ ਦਾੜ੍ਹੀ, ਤਿੱਖੇ ਨੈਣ-ਨਕਸ਼ ਅਤੇ ਗੋਰੇ, ਚਮਕਦੇ ਚਿਹਰੇ ਵਾਲੇ ਵਿਅਕਤੀ ਦਾ ਨਾਂ ਸੀ ਗਿਆਨੀ ਜਸਵੰਤ ਸਿੰਘ ।

ਜਦੋਂ ਉਹਨਾਂ ਕੋਲ ਜਾਣਾ, ਉਹਨਾਂ ਦਾ ਹੱਥ ਉਹਨਾਂ ਦੀ ਫਤੂਹੀ ਦੇ ਕਿਸੇ ਬੋਝੇ ਵੱਲ ਜਾਂਦਾ ਲੱਗਣਾ ।

"ਕਿੰਨੇ ਚਾਹੀਦੇ ਨੇ ?"

"ਨਹੀਂ ਚਾਹੀਦੇ ।"

ਕਿੰਨੇ ਲਿਆਏ ਓ ?"

"ਹੋਰ ਸਾਰੀ ਆਓ-ਭਗਤ, ਚਾਹ ਕਤਲੱਮਾ, ਪਕੌੜੇ ਅਤੇ ਹੋਰ ਕਈ ਕੁਝ ਉਥੇ ਪਹੁੰਚਣ ਵਾਲੇ ਦੀ ਪਸੰਦ ਮੁਤਾਬਿਕ ਖੁਆ ਕੇ ਉਹਨਾਂ ਦਾ ਉਪਰਲੇ ਸਵਾਲਾਂ ਵਿਚੋਂ ਅਕਸਰ ਇਕ ਸਵਾਲ ਹੁੰਦਾ । ਪੰਜਾਬੀ ਲੇਖਕਾਂ ਅਤੇ ਪੱਤਰ-ਕਾਰਾਂ ਦੀ ਆਵਾਜਾਈ ਜਿੰਨੀ ਗਿਆਨੀ ਜੀ ਕੋਲ ਰਹਿੰਦੀ, ਏਨੀ ਸ਼ਾਇਦ ਹੀ ਕਿਸੇ ਹੋਰ ਪ੍ਰੈਸ ਵਾਲੇ ਦੇ ਹਿੱਸੇ ਆਉਂਦੀ ਹੋਵੇ ।

ਕਾਰਨ ਦੋ ਸਨ—ਦਿੱਲੀ ਵਿਚੋਂ ਛਪਣ ਵਾਲੇ ਬਹੁਤੇ ਪੰਜਾਬੀ ਸਪਤਾਹਿਕ ਗਿਆਨੀ ਜੀ ਦੇ ਜਨਤਕ ਪ੍ਰੈਸ ਵਿਚ ਹੀ ਛਪਦੇ ਸਨ ਤੇ ਬਹੁਤ ਸਾਰੇ ਲੇਖਕਾਂ ਦੀਆਂ ਕਿਤਾਬਾਂ ਵੀ ਅਕਸਰ ਉਹਨਾਂ ਕੋਲ ਹੀ ਛਪਣ ਲਈ ਆਉਂਦੀਆਂ ।

ਮੈਂ ਵੀ ਆਪਣੇ ਵੱਡੇ ਭਾਈ ਸਾਹਿਬ, ਸੰਤ ਮੰਗਲ ਸਿੰਘ ਜੀ ਲਾਇਲਪੁਰੀ ਨੂੰ ਉਹਨਾਂ ਵਲੋਂ ਸ਼ੁਰੂ ਕੀਤੇ ਸਪਤਾ-ਹਿਕ 'ਨਵਾਂ ਹਿੰਦੁਸਤਾਨ' ਲਈ ਗਿਆਨੀ ਜੀ ਕੋਲ ਇਹ ਆਖ ਕੇ ਲੈ ਗਿਆ ਸਾਂ ਕਿ ਗਿਆਨੀ ਜੀ ਮੇਰੇ ਮਿੱਤਰ ਹਨ । ਇਕ ਦਿਨ ਲਾਇਲਪੁਰੀ ਜੀ ਨੂੰ ਕਿਸੇ ਹੋਰ ਪ੍ਰੈਸ ਵਾਲੇ ਨੇ ਆਖਿਆ, "ਤੁਸੀਂ ਏਨੀ ਦੂਰ ਜੁ ਜਾਂਦੇ ਓ ਅਖ਼ਬਾਰ ਛਪਵਾਉਣ ਲਈ, ਐਥੋਂ ਨੇੜਿਓਂ ਸਾਡੇ ਕੋਲੋਂ ਕਿਉਂ ਨਹੀਂ ਛਪਵਾ ਲੈਂਦੇ ?"

ਲਾਇਲਪੁਰੀ ਜੀ ਨੇ ਕਿਹਾ, "ਤੁਹਾਡੇ ਲਈ ਮੁਸ਼ਕਿਲ ਏ ।"

"ਕਿਉਂ ?"

ਸੰਤ ਜੀ ਨੇ ਕਿਹਾ, "ਹੁਧਾਰ ਛਾਪ ਦਿਆ ਕਰੋਗੇ ?"

ਉਸ ਨੇ ਕਿਹਾ, "ਹਾਂ, ਥੋੜ੍ਹਾ-ਬਹੁਤ-ਅੱਗਾ-ਪਿੱਛਾ ਤਾਂ ਹੋ ਈ ਜਾਂਦਾ ਏ ਲੈਣ-ਦੇਣ ਵਿਚ, ਕਰ ਲਵਾਂਗੇ !"

ਸੰਤ ਜੀ ਨੇ ਕਿਹਾ, "ਕਾਗ਼ਜ਼ ਖ਼ਰੀਦ ਦਿਆ ਕਰੋਗੇ ਅਖ਼ਬਾਰ ਲਈ ?"

"ਕਿਉਂ ਨਹੀਂ, ਤੁਸੀਂ ਪੈਸੇ ਦੇ ਜਾਓ, ਅਸੀਂ ਕਾਗ਼ਜ਼ ਮੰਗਵਾ ਲਵਾਂਗੇ ।"

ਸੰਤ ਜੀ ਨੇ ਕਿਹਾ, "ਪੈਸੇ ਤੁਹਾਨੂੰ ਆਪਣੇ ਕੋਲੋਂ ਖਰਚ ਕਰਨੇ ਪੈਣਗੇ । ਮੇਰੇ ਕੋਲ ਜਦੋਂ ਹੋਏ, ਓਦੋਂ ਦਿਆਂਗਾ । ਗਿਆਨੀ ਜੀ ਆਪਣੇ ਕੋਲੋਂ ਹੀ ਖ਼ਰਚਦੇ ਨੇ ।"

ਪ੍ਰੈਸ ਵਾਲੇ ਨੇ ਪੁਛਿਆ "ਹੋਰ ਕੀ-ਕੀ ਸ਼ਰਤ ਏ ?"

ਸੰਤ ਜੀ ਨੇ ਕਿਹਾ, ਦੋ-ਤਿੰਨ ਵਾਰੀ ਚਾਹ ਅਤੇ ਦੁਪਹਿਰ ਦੀ ਰੋਟੀ ਖਵਾਓਗੇ ? ਗਿਆਨੀ ਜੀ ਇਹ ਵੀ ਕਰਦੇ ਨੇ, ਜਿੰਨੇ ਦਿਨ ਅਖ਼ਬਾਰ ਦਾ ਕੰਮ ਚਲਦਾ ਏ ।"

"ਹੋਰ !"

"ਸਰਦੀ ਲੱਗਣ ਉੱਤੇ ਕੋਟ ਵੀ ਖ਼ਰੀਦ ਕੇ ਦਿੰਦੇ ਨੇ । ਆਹ ਕੋਟ ਉਹਨਾਂ ਨੇ ਹੀ ਖ਼ਰੀਦ ਕੇ ਦਿੱਤਾ ਏ ।"

ਉਹ ਪ੍ਰੈਸ ਵਾਲੇ ਨੇ ਅੱਗੋਂ ਹੋਰ ਸਵਾਲ ਨਹੀਂ ਪੁਛਿਆ ਅਤੇ ਤੁਰਦਾ ਹੋਇਆ ।

ਗਿਆਨੀ ਜੀ ਜਦੋਂ ਇਸ ਦੁਨੀਆਂ ਤੋਂ ਵਿਦਾ ਹੋਏ ਤਾਂ ਪਤਾ ਲੱਗਿਆ ਕਿ ਬਹੁਤ ਭਾਰੀ ਕਰਜ਼ਾ ਸੀ ਉਹਨਾਂ ਦੇ ਸਿਰ । ਕਰਜ਼ੇ ਵਾਲੀ ਇਸ ਗੱਲ ਕਾਰਨ ਮੇਰਾ ਪੁਰਾਣਾ ਸੰਬੰਧ ਸੀ ਗਿਆਨੀ ਜੀ ਨਾਲ । ਓਦੋਂ ਅਜੇ ਨਾ ਮੈਂ ਲੇਖਕਾਂ ਦੀ ਕਤਾਰ ਵਿਚ ਸਾਂ, ਨਾ ਪੱਤਰਕਾਰਾਂ ਦੀ ਸ਼ਰੇਣੀ ਵਿਚ । ਸਾਡਾ ਆਪਸ ਵਿਚ ਪਾਠਕ-ਪਾਠਕ ਦਾ ਰਿਸ਼ਤਾ ਸੀ । ਦੋਵੇਂ ਦੂਜਿਆਂ ਦੀਆਂ ਲਿਖੀਆਂ ਕਿਤਾਬਾਂ ਖ਼ੂਬ ਪੜ੍ਹਦੇ ਸਾਂ ਅਤੇ ਫਿਰ ਉਹਨਾਂ ਉਪਰ ਚਰਚਾ ਕਰਦੇ ਹੁੰਦੇ ਸਾਂ । ਗਿਆਨੀ ਜੀ ਓਦੋਂ ਭਾਪਾ ਪ੍ਰੀਤਮ ਸਿੰਘ ਜੀ ਵਲੋਂ ਨਵੇਂ-ਨਵੇਂ ਭਰੇ ਟਾਈਪ ਨੂੰ ਕੰਪੋਜ਼ ਕਰਦੇ ਹੁੰਦੇ ਅਤੇ ਮੈਂ ਕੋਲ ਖਲੋ ਕੇ ਕਿਸੇ ਕਿਤਾਬ ਵਿਚ ਪੜ੍ਹੀ ਕਿਸੇ ਗੱਲ ਦੀ ਚਰਚਾ ਕਰਦਾ । ਘੰਟਿਆਂ-ਬੱਧੀ ਗਿਆਨੀ ਜੀ ਇਹੋ ਗੱਲਾਂ ਸੁਣਦੇ ਅਤੇ ਕਰਦੇ । ਇਹ ਗੱਲਾਂ



Sri Satguru Jagjit Singh Ji eLibrary NamdhariElibrary@gmail.com

ਕਰਦਿਆਂ ਉਹਨਾਂ ਦਾ ਹੱਥ ਬਰਾਬਰ ਚਲਦਾ ਰਹਿੰਦਾ। ਆਖਦੇ, "ਤੁਹਾਡੇ ਕੋਲ ਖਲੋਣ ਨਾਲ ਕੰਮ ਵੀ ਬਹੁਤ ਨਿੱਬੜਦਾ ਏ।"

ਮੈਂ ਓਦੋਂ ਵਿਨੈ ਨਗਰ ਰਹਿੰਦਾ ਸਾਂ ਅਤੇ ਗਿਆਨੀ ਜੀ ਮਹਿਰੌਲੀ। ਓਦੋਂ ਉਹਨਾਂ ਕੋਲ ਜਿਹੜਾ ਮਕਾਨ ਸੀ, ਉਸ ਦੇ ਅੱਗੇ ਅਮਿਣਵਾਂ ਵਿਹੜਾ ਸੀ। ਮੈਂ ਕਦੇ-ਕਦਾਈਂ ਵਿਨੈ ਨਗਰੋਂ ਮਹਿਰੌਲੀ ਵੀ ਚਲੇ ਜਾਣਾ। ਭਾਪਾ ਪ੍ਰੀਤਮ ਸਿੰਘ ਜੀ ਅਤੇ ਪਿਆਰਾ ਸਿੰਘ ਦਾਤਾ ਜੀ ਦੇ ਦਰਸ਼ਨ ਵੀ ਹੋ ਜਾਣੇ। ਪਰ ਸਾਂਝ ਗਿਆਨੀ ਜੀ ਨਾਲ ਹੀ ਜ਼ਿਆਦਾ ਸੀ।

ਉਹਨਾਂ ਦਿਨਾਂ ਵਿਚ ਹੀ ਕੁਝ ਸਮਾਂ ਲਗਾਤਾਰ ਬੀਮਾਰੀ ਦਾ ਸਾਹਮਣਾ ਕਰਨਾ ਪਿਆ। ਕਮਾਈ ਕੋਈ ਹੋ ਨਾ ਸਕੀ। ਗਵਾਂਢੀ ਢਾਬੇ ਵਾਲੇ ਦਾ ਕਰਜ਼ਾ ਚੜ੍ਹਦਾ-ਚੜ੍ਹਦਾ ਤੀਹ ਰੁਪਏ ਹੋ ਗਿਆ। ਉਹਨਾਂ ਦਿਨਾਂ ਵਿਚ ਤੀਹ ਰੁਪਏ ਬਹੁਤ ਹੁੰਦੇ ਸਨ। ਢਾਬੇ ਵਾਲਾ ਮੰਗਦਾ, ਮੈਂ ਥੋੜ੍ਹੇ ਦਿਨਾਂ ਦਾ ਇਕਰਾਰ ਕਰਦਾ। ਇਕ ਦਿਨ ਉਹਨੇ ਔਖਾ ਹੋ ਕੇ ਆਖਿਆ, "ਪੈਸੇ ਦਿਓ, ਨਹੀਂ ਤਾਂ ਮੈਂ ਲੈ ਲਵਾਂਗਾ।"

ਮੈਂ ਘਬਰਾਇਆ। ਪਰ ਦਿਆਂ ਕਿੱਥੋਂ? ਸੋਚਿਆ, ਕਿਸੇ ਹੋਰ ਕੋਲੋਂ ਕਰਜ਼ ਲਵਾਂ। ਪਰ ਲਵਾਂ ਕੀਹਦੇ ਕੋਲੋਂ? ਅਚਾਨਕ ਗਿਆਨੀ ਜੀ ਦਾ ਧਿਆਨ ਆਇਆ। ਬਾਈਸਿਕਲ ਚੁੱਕੀ ਅਤੇ ਗਿਆਨੀ ਜੀ ਦੇ ਘਰ ਜਾ ਪੁਜਿਆ। ਗਿਆਨੀ ਜੀ ਪਰਸੰਨ! ਆਪਣੇ ਸੁਭਾਅ ਅਨੁਸਾਰ ਉੱਚੀ-ਉੱਚੀ ਬੋਲੇ, "ਆਓ, ਆਓ! ਬੜਾ ਚੰਗਾ ਕੀਤਾ, ਮੈਂ ਤੁਹਾਨੂੰ ਹੀ ਯਾਦ .."

ਜਲ ਛਕਾਇਆ। ਫਿਰ ਪਰਸ਼ਾਦਾ ਛਕਾਇਆ। ਹਨੇਰਾ ਜਿਹਾ ਹੋਣ ਉੱਤੇ ਆਖਣ ਲੱਗੇ, "ਚਲੋ ਕੁਤਬ ਤੱਕ ਸੈਰ ਕਰ ਆਈਏ।" ਕੁਤਬ ਮੀਨਾਰ ਕੋਲ ਇਕ ਪਾਰਕ ਵਿਚ ਘਾਹ ਉੱਤੇ ਬੈਠ ਕੇ ਪੁਛਿਆ, "ਹਾਂ, ਹੁਣ ਦੱਸੋ, ਕਿਵੇਂ ਆਏ?"

ਮੈਂ ਕਿਹਾ, "ਤੀਹ ਰੁਪਏ ਚਾਹੀਦੇ ਨੇ ਹੁਧਾਰੇ।"

"ਕਦੋਂ ਮੋੜੋਗੇ?"

"ਦਸ ਰੁਪਏ ਮਹੀਨੇ ਦੇ ਮੋੜਾਂਗਾ, ਤਿੰਨਾਂ ਮਹੀਨਿਆਂ ਵਿਚ।"

"ਠੀਕ ਏ। ਮਿਲ ਜਾਣਗੇ।" ਆਖ ਕੇ ਫਿਰਦੇ-ਟੁਰਦੇ ਵਾਪਸ ਘਰ ਲੈ ਗਏ। ਕੋਲ ਹੀ ਸੰਵਾਇਆ। ਸਵੇਰੇ ਛਾਹ-ਵੇਲਾ ਕਰਵਾ ਕੇ ਘਰੋਂ ਬਾਹਰ ਜਾ ਕੇ ਤੀਹ ਰੁਪਏ ਦੇ ਕੇ ਆਖਿਆ, "ਇਕ ਆਦਮੀ ਵਿਨੈ ਨਗਰ ਜਾਂਦਾ ਏ ਇਥੋਂ। ਉਹ ਅੱਜ ਦੇ ਦਿਨ ਹੀ ਮਹੀਨੇ ਪਿਛੋਂ ਤੁਹਾਡੇ ਕੋਲ ਆਏਗਾ। ਦਸ ਰੁਪਏ ਉਹਨੂੰ ਦੇ ਦੇਣੇ।"

ਉਹ ਆਦਮੀ ਠੀਕ ਓਸੇ ਦਿਨ ਆਇਆ ਅਤੇ ਦਸ ਰੁਪਏ ਲੈ ਗਿਆ। ਦੂਜੇ ਮਹੀਨੇ ਫਿਰ ਓਸੇ ਦਿਨ ਆਇਆ ਅਤੇ ਹੋਰ ਦਸ ਰੁਪਏ ਲੈ ਗਿਆ। ਤੀਜੇ ਮਹੀਨੇ ਜਦੋਂ ਉਹ ਫਿਰ ਓਸੇ ਤਰੀਕ ਨੂੰ ਆਇਆ ਤਾਂ ਮੈਂ ਕਿਹਾ, "ਐਦਕਾਂ ਤਾਂ ਬੰਦੋਬਸਤ ਨਹੀਂ ਹੋ ਸਕਿਆ ਕੁਝ ਦਿਨ ਤਕ ਕਰ ਦਿਆਂਗਾ।"

ਉਹ ਬੰਦਾ ਫਿਰ ਕਦੀ ਨਹੀਂ ਆਇਆ। ਨਾ ਮੈਂ ਮੁੜ ਕੇ ਗਿਆਨੀ ਜੀ ਨੂੰ ਮਿਲਣ ਗਿਆ ਅਤੇ ਨਾ ਗਿਆਨੀ ਜੀ ਨੇ ਸੁੱਧ ਲਈ। ਕਈ ਮਹੀਨੇ ਹੋਰ ਲੰਘ ਗਏ। ਫਿਰ ਮੈਂ ਪੰਜਾਬ ਚਲਿਆ ਗਿਆ। ਉਥੋਂ ਡੇਢ ਸਾਲ ਬਾਅਦ ਪਰਤਿਆ। ਗੱਲ ਮਨ ਵਿਚ ਅਟਕੀ ਹੋਈ ਸੀ ਅਤੇ ਉਹ ਰੜਕਦੀ ਵੀ ਰਹਿੰਦੀ ਸੀ।

ਇਕ ਦਿਨ ਗਿਆਨੀ ਜੀ ਕੋਲ ਗਿਆ। ਉਹ ਖੁਸ਼! ਉੱਚੀ ਸਾਰੀ ਕਿਹਾ, "ਓਏ ਤੁਸੀਂ ਕਿਥੇ ਚਲੇ ਗਏ ਸੀ ਏਨੇ ਦਿਨ?"

ਮੈਂ ਦਸ ਰੁਪਏ ਜੇਬ੍ਹ ਵਿਚੋਂ ਕੱਢ ਕੇ ਗਿਆਨੀ ਜੀ ਨੂੰ ਦਿੰਦਿਆਂ ਆਖਿਆ, "ਐਹਨਾਂ ਨੇ ਹੀ ਏਨਾ ਚਿਰ ਦੂਰ ਰਖਿਆ ਏ ਤੁਹਾਥੋਂ। ਅੱਜ ਕਰਜ਼ ਲੱਥਾ ਅਤੇ ਭਾਰ ਹੌਲਾ ਹੋਇਐ। ਇਹ ਤਾਂ ਹੋਈ ਤੁਹਾਡੀ ਅਸਲ ਰਕਮ ਅਤੇ ਅੱਜ ਸੂਦ ਵੀ ਦਿਆਂਗਾ।"

"ਉਹ ਕਿਵੇਂ?"

ਮੈਂ ਕਿਹਾ, "ਐਹ ਕਿਤਾਬ ਸੂਦ ਵਜੋਂ ਹਾਜ਼ਰ ਏ, 'ਕਪਾਲ ਕੁੰਡਲਾ'। ਮੈਂ ਬੰਕਿਮ ਚੰਦਰ ਚੈਟਰਜੀ ਦੇ ਇਸ ਨਾਵਲ ਦਾ ਬੰਗਲਾ ਤੋਂ ਅਨੁਵਾਦ ਕੀਤਾ ਏ। ਅੰਮ੍ਰਿਤਸਰ ਹੀ ਕਿਸੇ ਨੇ ਛਾਪ ਲਈ ਏ। ਪੈਸੇ ਵੀ ਦਿੱਤੇ ਨੇ, ਸੌ ਰੁਪਏ। ਤੇ ਨਾਲ ਦਸ ਕਿਤਾਬਾਂ। ਇਕ ਕਿਤਾਬ ਤੁਹਾਡੀ ਭੇਟਾ।"

ਗਿਆਨੀ ਜੀ ਕਿਤਾਬ ਵੇਖ ਕੇ ਇੰਝ ਪ੍ਰਸੰਨ ਹੋ ਰਹੇ ਸਨ ਜਿਵੇਂ ਇਹ ਕੰਮ ਉਹਨਾਂ ਨੇ ਆਪ ਕੀਤਾ ਹੋਵੇ।

ਆਖਣ ਲੱਗੇ, "ਮੈਂ ਤੁਹਾਨੂੰ ਕਈ ਵਾਰੀ ਮਹਿਰੌਲੀ ਵਾਲੀ ਸੜਕ ਉਤੇ ਆਉਂਦਿਆਂ-ਜਾਂਦਿਆਂ ਵੇਖਦਾ ਹੁੰਦਾ ਸਾਂ। ਤੇ ਵੇਖ ਕੇ ਆਪ ਲਾਂਭੇ ਹੋ ਕੇ ਖੜੋ ਜਾਂਦਾ ਸਾਂ—ਸੋਚਦਾ ਸਾਂ, ਕਿਤੇ ਤੁਹਾਡੇ ਮਨ ਵਿਚ ਮੈਨੂੰ ਵੇਖ ਕੇ ਪੈਸਿਆਂ ਦਾ ਖਿਆਲ ਨਾ ਆ ਜਾਵੇ ਅਤੇ ਤੁਹਾਡੇ ਮਨ ਨੂੰ ਕਿਸੇ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।"

ਇਕ ਦਿਨ ਗਿਆਨੀ ਜੀ ਨੇ ਪੁਛਿਆ, "ਤੁਹਾਡੇ ਕੋਲ



Sri Satguru Jagjit Singh Ji eLibrary NamdhariElibrary@gmail.com

ਕਿੰਨੇ ਰੁਪਏ ਨੇ ?"

"ਕਿਉਂ ਕੀ ਗੱਲ ਏ ?"

"ਤੁਸਾਂ ਸਾਹਿਤ ਅਕੈਡਮੀ ਦਾ ਚੋਖਾ ਸਾਰਾ ਕੰਮ ਕੀਤਾ ਏ। ਪੈਸੇ ਵੀ ਚੋਖੇ ਮਿਲੇ ਹੋਣਗੇ!"

"ਹਾਂ, ਉਹ ਤਾਂ ਮਿਲੇ ਨੇ। ਹਜ਼ਾਰ ਰੁਪਏ ਹੈ ਨੇ ਇਸ ਵੇਲੇ ਮੇਰੇ ਕੋਲ!"

"ਮੈਨੂੰ ਦੇ ਦਿਓ।"

"ਕਿਉਂ ?"

"ਹੁਧਾਰ! ਸੂਦ ਦਿਆ ਕਰਾਂਗਾ। ਜਦੋਂ ਚਾਹੋ, ਜਿੰਨੇ ਚਾਹੋ, ਉਸੇ ਵੇਲੇ ਮਿਲ ਜਾਣਗੇ।"

ਮੈਂ ਰੁਪਏ ਲਿਆ ਦਿਤੇ।

ਫਿਰ ਜਦੋਂ ਆਉਣਾ, ਗਿਆਨੀ ਜੀ ਦਾ ਹੱਥ ਸਿੱਧਾ ਫਤੂਹੀ ਵੱਲ ਜਾਣਾ, "ਕਿੰਨੇ ਚਾਹੀਦੇ ਨੇ ? ਜਾਂ ਹੋਰ ਲਿਆਏ ਓ ?"

ਮੈਂ ਕਿਹਾ, "ਤੁਸੀਂ ਕਿਵੇਂ ਚਲਾਉਂਦੇ ਓ ਇਹ ਸਭ ?"

"ਲੋਕ ਦਿੰਦੇ ਨੇ ਮੈਨੂੰ, ਹਜ਼ਾਰਾਂ ਰੁਪਏ। ਰੱਖਣ ਲਈ ਦੇ ਜਾਂਦੇ ਨੇ। ਮੈਂ ਅਗਾਂਹ ਦੇ ਦਿੰਦਾ ਹਾਂ ਲੋੜਵੰਦਾਂ ਨੂੰ। ਆਹ ਜਿੰਨੀਆਂ ਅਖਬਾਰਾਂ ਛਪਦੀਆਂ ਨੇ, ਇਹ ਕੋਈ ਨਕਦ ਹੀ ਥੋੜ੍ਹੀਆਂ ਛਪਦੀਆਂ ਨੇ। ਆਉਂਦੇ ਰਹਿੰਦੇ ਨੇ, ਜਾਂਦੇ ਰਹਿੰਦੇ ਨੇ। ਜਦੋਂ ਜਿੰਨੇ ਕਿਸੇ ਨੂੰ ਲੋੜ ਹੋਵੇ, ਉਸੇ ਵੇਲੇ ਦੇ ਦਿੰਦਾ ਹਾਂ", ਕਹਿ ਕੇ ਗਿਆਨੀ ਜੀ ਨੇ ਜੇਬ ਵਿਚੋਂ ਰੁਪਏ ਕੱਢੇ। ਕੋਈ ਦਸ ਹਜ਼ਾਰ ਹੋਣਗੇ!

"ਏਨੇ ਕੁ ਹਰ ਵੇਲੇ ਕੋਲ ਰਖਦਾ ਹਾਂ। ਜੇ ਕਿਸੇ ਨੂੰ ਵਧ ਚਾਹੀਦੇ ਹੋਣ ਤਾਂ ਵੀ ਝੱਟਪੱਟ ਬੰਦੋਬਸਤ ਕਰ ਦਿੰਦਾ ਹਾਂ।"

ਜਦੋਂ ਚਾਂਦਨੀ ਚੌਕ ਜਾਣਾ—ਕਿਤਾਬਾਂ ਦੀ ਲਿਖਾਈ-ਛਪਾਈ ਦੇ ਸਿਲਸਿਲੇ ਵਿਚ ਜਾਂਦਾ ਹੀ ਰਹਿੰਦਾ ਸਾਂ—ਗਿਆਨੀ ਜੀ ਕੋਲ ਜਾਂ ਭਾਪਾ ਪ੍ਰੀਤਮ ਸਿੰਘ ਜੀ ਕੋਲ ਪਹੁੰਚਣਾ। ਦੁਪਹਿਰ ਦੀ ਰੋਟੀ ਰਲ ਕੇ ਖਾਣੀ। ਗਿਆਨੀ ਜੀ, ਦਾਤਾ ਜੀ ਅਤੇ ਭਾਪਾ ਜੀ ਦੀ ਇਹ ਸਾਂਝੀ ਰੋਟੀ ਗਿਆਨੀ ਜੀ ਦੇ ਅੰਤਿਮ ਸਮੇਂ ਤੱਕ ਸਾਂਝੀ ਰਹੀ।

* * *

ਓਦੋਂ ਹਰੀਨਗਰ ਘੰਟਾ-ਘਰ ਰਹਿੰਦਾ ਸਾਂ। ਇਕ ਦਿਨ ਗਿਆਨੀ ਜੀ ਸਵੇਰੇ ਹੀ ਆ ਗਏ। ਆਖਣ ਲੱਗੇ, "ਰਾਤੀਂ ਜਨਕਪੁਰੀ ਆਇਆ ਸਾਂ, ਬੇਟੀ ਦੇ ਘਰ। ਉਥੋਂ ਹਰੀਨਗਰ ਦਿਸਦਾ ਸੀ। ਮੈਂ ਆਖਿਆ, ਅੱਜ ਯਾਰ ਨੂੰ ਸਵੇਰੇ-ਸਵੇਰੇ ਜਾ ਮਿਲਣਾ ਏ!"

ਬਹਿ ਗਏ। ਫਿਰ ਸਭ ਮੁਆਇਨਾ ਕੀਤਾ ਘਰ ਦਾ, ਸਾਮਾਨ ਦਾ। ਸੁਝਾਅ ਦਿੱਤੇ। ਤੇ ਫਿਰ ਹੌਲੀ ਜਿਹੀ ਪੁਛਿਆ, "ਸਕੂਟਰ ਠੀਕ ਚਲਦੈ ਨਾ!"

"ਹਾਂ ਜੀ, ਵਧੀਆ ਚਲਦਾ ਏ। ਅਜੇ ਹਫਤਾ ਪਹਿਲਾਂ ਹੀ ਸਾਰਾ ਖੋਲ੍ਹ ਕੇ ਠੀਕ-ਠਾਕ ਕਰਵਾਇਆ ਏ।"

"ਸੌਖੇ-ਸੌਖੇ ਚਲਾ ਲੈਂਦੇ ਓ ਨਾ ?"

"ਸੌਖਾ ਤਾਂ ਨਹੀਂ। ਹੁਣ ਕੁਝ ਥੱਕਦਾ ਹਾਂ। ਇਹਦਾ ਕੱਦ ਛੋਟਾ ਏ ਅਤੇ ਮੇਰਾ ਲੰਮਾ। ਲੱਕ ਵੀ ਥੱਕ ਜਾਂਦਾ ਏ ਤੇ ਲੱਤਾਂ ਵੀ। ਮੈਂ ਸੋਚਦਾ ਹਾਂ ਕਿ ਮੋਟਰ-ਸਾਈਕਲ ਲੈ ਲਵਾਂ।"

"ਇਹਦਾ ਕੀ ਕਰੋਗੇ ?"

"ਵੇਚ ਦਿਆਂਗਾ!"

"ਕਿੰਨੇ ਤੋਂ ?"

"ਮੈਂ ਇਕਤਾਲੀ ਸੌ ਮੰਗਦਾ ਹਾਂ ਤੇ ਮਿਲਦਾ ਏ ਚਾਲੀ ਸੌ। ਹੋ ਜਾਏਗਾ ਸੌਦਾ।"

"ਮੋਟਰ ਸਾਈਕਲ ਕਿੰਨੇ ਦਾ ਆਏਗਾ ?"

"ਤਰ੍ਹੇਠ ਸੌ ਦਾ।"

"ਬਾਕੀ ਰੁਪਏ ?"

"ਕੁਝ ਹੈ ਨੇ, ਕੁਝ ਕਿਧਰਿਓਂ ਮਿਲਣ ਵਾਲੇ ਨੇ, ਅੱਜ-ਕਲ੍ਹ ਹੀ।"

"ਜੇ ਮੈਂ ਖ਼ਰੀਦ ਲਵਾਂ ਤਾਂ ਕਿੰਨੇ ਦਾ ਦਿਓਗੇ ?"

"ਤੁਸਾਂ ਕੀ ਕਰਨਾ ਏ ?"

"ਚੰਨ ਨੂੰ ਲੈ ਦਿਆਂਗਾ।"

"ਜੇ ਚੰਨ ਲਈ ਚਾਹੀਦਾ ਏ ਤਾਂ ਜੋ ਮਰਜ਼ੀ ਦੇ ਦੇਣਾ।"

"ਮੈਂ ਤਾਂ ਛੱਤੀ ਸੌ ਦਿਆਂਗਾ।"

"ਠੀਕ ਏ, ਪਰ ਮੇਰੇ ਮੋਟਰ-ਸਾਈਕਲ ਲਈ ਓਨੇ ਘਟ ਜਾਣਗੇ।"

"ਉਹ ਮੈਂ ਤੁਹਾਨੂੰ ਹੁਧਾਰ ਦਿਆਂਗਾ", ਕਹਿ ਕੇ ਦੋ ਹਜ਼ਾਰ ਓਸੇ ਵੇਲੇ ਫਤੂਹੀ ਦੇ ਵਡੇ ਬੋਝੇ ਵਿਚੋਂ ਕੱਢ ਕੇ ਮੈਨੂੰ ਫੜਾਉਂਦਿਆਂ ਆਖਿਆ, "ਭਲਕੇ ਐਤਵਾਰ ਏ। ਸਵੇਰੇ ਹੀ ਆ ਜਾਇਓ ਸਕੂਟਰ ਲੈ ਕੇ। ਨਾਲੇ ਬਾਕੀ ਪੈਸੇ ਲੈ ਆਉਣੇ ਨਾਲੇ ਚੰਨ ਨੂੰ ਸਕੂਟਰ ਚਲਾਉਣਾ ਵੀ ਸਿਖਾ ਆਉਣਾ। ਭਾਪਾ ਜੀ ਦੇ ਫਾਰਮ ਉੱਤੇ ਆ ਜਾਇਓ।"

ਮੈਂ ਪਹੁੰਚ ਗਿਆ। ਚੰਨ ਨੂੰ ਘਰੋਂ ਲੈ ਕੇ ਫਾਰਮ ਉੱਤੇ ਗਿਆ ਅਤੇ ਸਕੂਟਰ ਚਲਾਉਂਦਾ ਰਿਹਾ। ਥੋੜ੍ਹੇ ਚਿਰ ਬਾਅਦ ਗਿਆਨੀ ਜੀ ਮੈਨੂੰ ਇਕ ਬੰਨੇ ਲੈ ਗਏ। ਸਵਾ



Sri Satguru Jagjit Singh Ji eLibrary NamdhariElibrary@gmail.com

ਦੋ ਹਜ਼ਾਰ ਰੁਪਇਆ ਮੇਰੇ ਹੱਥ ਫੜਾਉਂਦਿਆਂ ਆਖਣ ਲੱਗੇ, "ਦੋ ਹਜ਼ਾਰ ਤੁਹਾਨੂੰ ਕੱਲ੍ਹ ਦਿੱਤਾ ਸੀ। ਸਵਾ ਦੋ ਇਹ ਐ। ਬਾਕੀ ਤੁਹਾਡੇ ਕੋਲ ਹੈ ਈ ਸੀ। ਭਲਕੇ ਜਾ ਕੇ ਮੋਟਰ ਸਾਈਕਲ ਖਰੀਦ ਲੈਣਾ। ਸਕੂਟਰ ਲੈ ਜਾਓ।"

"ਕਿਉਂ?"

"ਚੰਨ ਨਹੀਂ ਮੰਨਦਾ। ਆਂਹਦੈ, ਮੋਟਰ ਸਾਈਕਲ ਲੈਣਾ ਏ।"

"ਪਰ ਮੈਨੂੰ ਤਾਂ ਆਂਹਦਾ ਸੀ, ਸਕੂਟਰ ਈ ਲੈਣਾ ਏ। ਬੜਾ ਚੰਗਾ ਕੀਤਾ ਏ ਦਾਰ ਜੀ ਨੇ, ਤੁਹਾਡਾ ਸਕੂਟਰ ਲੈ ਕੇ ਦੇ ਰਹੇ ਨੇ।"

"ਉਹ ਤੁਹਾਡਾ ਲਿਹਾਜ਼ ਕਰਦਾ ਏ। ਇਸ ਲਈ 'ਹਾਂ' ਕਹਿੰਦਾ ਏ। ਪਰ ਮੈਨੂੰ ਨਾਂਹ ਕਰਦਾ ਏ।"

"ਫਿਰ ਮੈਂ ਐਹ ਰੁਪਏ ਕਿਉਂ ਲਵਾਂ। ਜਦੋਂ ਸਕੂਟਰ ਵਿਕੇਗਾ, ਓਦੋਂ ਖਰੀਦ ਲਵਾਂਗਾ ਮੋਟਰ-ਸਾਈਕਲ!"

"ਨਹੀਂ, ਤੁਹਾਨੂੰ ਭਲਕੇ ਹੀ ਮੋਟਰ-ਸਾਈਕਲ ਖ਼ਰੀਦਣਾ ਪਏਗਾ। ਇਹਨੂੰ ਅਜੇ ਟਾਈਮ ਲੱਗ ਸਕਦਾ ਏ ਵਿਕਣ ਨੂੰ।"

"ਨਾ, ਮੈਂ ਇਹ ਕਰਜ਼ ਨਹੀਂ ਲੈਣਾ। ਮੋਟਰ-ਸਾਈ-ਕਲ ਕਿਹੜਾ ਭੱਜਿਆ ਜਾਂਦਾ ਏ। ਸਕੂਟਰ ਜਦੋਂ ਵਿਕੇਗਾ, ਓਦੋਂ ਹੀ ਸਹੀ। ਮੈਂ ਨਹੀਂ ਲੈਣੇ ਇਹ ਰੁਪਏ।"

"ਨਹੀਂ ਇਹ ਮੇਰਾ ਹੁਕਮ ਏ। ਤੁਹਾਨੂੰ ਲੈਣੇ ਈ ਪੈਣਗੇ। ਤੁਸੀਂ ਹੁਣ ਨਾਂਹ ਨਹੀਂ ਕਰੋਗੇ। ਭਲਕੇ ਨਵਾਂ ਮੋਟਰ-ਸਾਈਕਲ!"

ਮੈਂ ਦੂਜੇ ਦਿਨ ਸਿਧਾ ਜਨਤਕ ਪ੍ਰੈੱਸ ਹੀ ਗਿਆ। ਚੰਨ ਬੈਠਾ ਸੀ। ਗਿਆਨੀ ਜੀ ਅਜੇ ਨਹੀਂ ਸਨ ਆਏ। ਚੰਨ ਨੂੰ ਕਿਹਾ, ਤੂੰ ਮੈਨੂੰ ਤਾਂ ਕਹਿੰਦਾ ਸੈਂ, ਸਕੂਟਰ ਹੀ ਲੈਣਾ ਏ ਤੇ ਗਿਆਨੀ ਜੀ ਨੂੰ ਹੋਰ ਕੁਝ!"

"ਨਹੀਂ ਤਾਂ! ਮੈਂ ਤਾਂ ਸਕੂਟਰ ਹੀ ਲੈਣਾ ਏ, ਤੁਹਾਡੇ ਵਾਲਾ!"

"ਤਾਂ ਫਿਰ ਮੈਂ ਛੱਡ ਜਾਵਾਂ ਤੇਰੇ ਕੋਲ! ਕਸ਼ਮੀਰੀ ਗੇਟ ਜਾ ਰਿਹਾ ਹਾਂ—ਮੋਟਰ-ਸਾਈਕਲ ਲੈਣ!"

"ਹਾਂ, ਹਾਂ ਛੱਡ ਜਾਓ!"

ਮੈਂ ਚਾਬੀ ਸਕੂਟਰ ਦੀ ਚੰਨ ਨੂੰ ਫੜਾਈ ਅਤੇ ਚਲਿਆ ਗਿਆ। ਜਾ ਕੇ ਮੋਟਰ-ਸਾਈਕਲ ਫਿੱਟ ਕਰਵਾਇਆ। ਕੁਝ ਉਪਰਲੀਆਂ ਚੀਜ਼ਾਂ ਪੈਣ ਵਾਲੀਆਂ ਸਨ ਕਿ ਪੈਸੇ ਘਟ ਗਏ। ਫਿਰ ਜਨਤਕ ਪ੍ਰੈਸ ਆਇਆ।

ਗਿਆਨੀ ਜੀ ਨੇ ਮੈਨੂੰ ਵੇਖਦਿਆਂ ਹੀ ਕਿਹਾ, "ਹਾਂ, ਪੈਸੇ ਥੁੜ ਗਏ ਨੇ ਨਾ! ਕਿੰਨੇ ਚਾਹੀਦੇ ਨੇ?"

ਮੈਂ ਦੱਸੇ। ਗਿਆਨੀ ਜੀ ਨੇ ਪੈਸੇ ਦਿੰਦਿਆਂ ਕਿਹਾ, "ਆਹ ਲਓ ਚਾਬੀ। ਸਕੂਟਰ ਲੈ ਜਾਓ!"

"ਕਿਉਂ? ਚੰਨ ਤਾਂ ਆਂਹਦਾ ਸੀ, ਮੈਂ ਲੈਣਾ ਏ ਇਹੋ ਸਕੂਟਰ!"

"ਉਹ ਤੁਹਾਨੂੰ ਜਦੋਂ ਵੀ ਮਿਲੇਗਾ, ਇੰਜ ਹੀ ਆਖੇਗਾ। ਤੁਹਾਨੂੰ 'ਨਾਂਹ' ਆਖ ਕੇ ਤੁਹਾਡਾ ਅਨਾਦਰ ਨਹੀਂ ਕਰ ਸਕਦਾ। ਮੈਨੂੰ ਉਹ 'ਹਾਂ' ਨਹੀਂ ਕਰਨ ਦਿੰਦਾ। ਤੁਸੀਂ ਲੈ ਜਾਓ ਸਕੂਟਰ ਵੀ।"

ਮੇਰਾ ਉਹ ਸਕੂਟਰ ਚਾਰ ਦਿਨਾਂ ਬਾਅਦ ਸੈਂਤੀ ਸੌ ਵਿਚ ਵਿਕ ਗਿਆ। ਮੈਂ ਮੰਨ ਗਿਆ, ਕਿਉਂਕਿ ਗਿਆਨੀ ਜੀ ਦੇ ਪੈਸੇ ਮੋੜਨ ਦੀ ਮੇਰੇ ਮਨ ਵਿਚ ਕਾਹਲ ਸੀ। ਰਾਤੀਂ ਅੱਠ ਵਜੇ ਪੈਸੇ ਮਿਲੇ, ਮੈਂ ਨੌਂ ਵਜੇ ਗਿਆਨੀ ਜੀ ਦੇ ਘਰ ਸਾਂ। ਜਾਂਦਿਆਂ ਨੂੰ ਹੀ ਆਖਣ ਲੱਗੇ, "ਐਨੀ ਵੀ ਕੀ ਕਾਹਲ ਸੀ ਪੈਸੇ ਮੋੜਨ ਦੀ। ਜ਼ਰੂਰ ਘਟ ਪੈਸੇ ਮਿਲੇ ਹੋਣਗੇ!"

ਕਾਹਲ ਤਾਂ ਹੈ ਈ ਸੀ। ਚਾਰ ਸੌ ਰਹਿ ਗਿਆ ਮੇਰੇ ਵਲ। ਹਫਤੇ ਦੇ ਵਿਚ-ਵਿਚ ਮੈਨੂੰ ਮਿਲਣ ਵਾਲੇ ਨੇ। ਮਿਲਦਿਆਂ ਹੀ ਦੇ ਜਾਵਾਂਗਾ।"

* * *

ਇਕ ਦਿਨ ਗਿਆਨੀ ਜੀ ਫਿਰ ਆਏ ਮੇਰੇ ਘਰ। ਸਰੀਰ ਕਾਫ਼ੀ ਢਿੱਲਾ ਸੀ। ਕੋਲ ਦੋ ਵੱਡੀਆਂ ਕਾਪੀਆਂ। ਆਖਣ ਲੱਗੇ, ਐਹ ਮੇਰੀਆਂ ਲਿਖੀਆਂ ਕਹਾਣੀਆਂ ਨੇ। ਬਹੁਤੀਆਂ ਸੱਚੀਆਂ। ਤੁਸਾਂ ਵੇਖ ਲੈਣੀਆਂ। ਠੀਕ-ਠਾਕ ਕਰ ਦੇਣੀਆਂ, ਜਿਥੋਂ ਸਮਝੋ।"

ਫਿਰ ਆਖਿਓ ਨੇ, "ਚਲੋ ਮੋਤੀਨਗਰ। ਮੈਂ ਬੇਟੀ ਨੂੰ ਮਿਲਣਾ ਏ। ਓਥੋਂ ਤੁਸਾਂ ਮੁੜ ਆਉਣਾ। ਮੈਂ ਅੱਜ ਹੋਰ ਵੀ ਕਈਆਂ ਨੂੰ ਮਿਲਣਾ ਏ। ਇਹਨਾਂ ਦਿਨਾਂ ਵਿਚ ਬਸ ਮਿਲਣ ਜੁਲਣ ਦਾ ਕੰਮ ਹੀ ਕਰ ਰਿਹਾ ਹਾਂ।"

ਫਿਰ ਇਕ ਦਿਨ ਸੁਨੇਹਾ ਭੇਜ ਕੇ ਕਾਪੀਆਂ ਮੰਗਵਾ ਲਈਆਂ। ਤੇ ਫੇਰ ਅਚਾਨਕ ਇਕ ਦਿਨ ਖ਼ਬਰ ਆਈ ਕਿ ਗਿਆਨੀ ਜੀ ਇਹਨਾਂ ਦਿਨਾਂ ਵਿਚ ਸਭ ਦੋਸਤਾਂ-ਸੰਬੰਧੀਆਂ ਨੂੰ ਮਿਲਣ ਦਾ ਕੰਮ ਮੁਕਾ ਕੇ ਲੰਮੇ, ਅਮੁੱਕ ਸਫ਼ਰ ਉੱਤੇ ਚਲੇ ਗਏ।



Sri Satguru Jagjit Singh Ji eLibrary NamdhariElibrary@gmail.com

# ਸਿਮ੍ਰਤੀ ਇਕ ਦਰਵੇਸ਼ ਦਿਲ ਦੀ

ਭਾਰਤੀ ਜੀ ਦੀ ਬੜੇ ਦਿਨਾਂ ਤੋਂ ਰੀਝ ਸੀ ਕਿ ਉਹ ਤੰਦਰੁਸਤ ਹੋ ਕੇ ੩ ਅਪਰੈਲ ਨੂੰ ਹਿਮਾਚਲ ਭਵਨ ਵਿਚ ਸਵ: ਗਿਆਨੀ ਜਸਵੰਤ ਸਿੰਘ ਜਨਤਕ ਪ੍ਰੈਸ ਵਾਲਿਆਂ ਦੇ ਸਿਮ੍ਰਤੀ ਸਮਾਗਮ ਵਿਚ ਸ਼ਾਮਲ ਹੋਣ । ਉਹਨਾਂ ਦਸਿਆ ਕਿ ਸਾਰਿਆਂ ਨੇ ਹੀ ਜਾਣ ਤੋਂ ਮਨ੍ਹਾ ਕੀਤਾ ਹੈ, ਪਰ ਜੇ ਤੁਸੀਂ ਆਖੋਗੇ ਤਾਂ ਚਲਾਂਗੇ ਭਾਵੇਂ ਥੋਹੜੇ ਸਮੇਂ ਵਾਸਤੇ ਹੀ ।

ਅਸੀਂ ਪ੍ਰੋਗਰਾਮ ਦੇ ਨਿਰਧਾਰਤ ਸਮੇਂ ਤੋਂ ਘੰਟਾ ਕੁ ਪਿਛੋਂ ਗਏ ਤਾਂ ਜੋ ਬਹੁਤਾ ਬੈਠਣਾ ਨਾ ਪਵੇ ।

ਗਿਆਨੀ ਜ਼ੈਲ ਸਿੰਘ ਸ੍ਰੀਮਤੀ ਅਮ੍ਰਿਤਾ ਪ੍ਰੀਤਮ, ਸ. ਹ. ਸ. ਹੰਸਪਾਲ ਡਾ. ਅਮਰੀਕ ਸਿੰਘ, ਸ. ਸਤਿੰਦਰ ਸਿੰਘ ਨੂਰ, ਤੇ ਸ. ਰਾਜਿੰਦਰ ਸਿੰਘ ਭਾਟੀਆ ਸਟੇਜ ਤੇ ਸੁਸ਼ੋਭਤ ਸਨ । ਸਟੇਜ ਵਾਲੇ ਸਾਰੇ ਸਜਣਾਂ ਤੋਂ ਇਲਾਵਾ ਭਾਪਾ ਪ੍ਰੀਤਮ ਸਿੰਘ ਜੀ, ਸ: ਗੁਰਬਚਨ ਸਿੰਘ ਭੁੱਲਰ, ਸ. ਪਿਆਰਾ ਸਿੰਘ ਦਾਤਾ ਗਿਆਨੀ ਜਸਵੰਤ ਸਿੰਘ ਜੀ ਦੀ ਸ਼ਖਸੀਅਤ ਤੇ ਬੋਲੇ । ਬੋਲਣ ਵਾਲਿਆਂ ਨੇ ਗਿਆਨੀ ਜਸਵੰਤ ਸਿੰਘ ਜੀ ਦੀ ਪੁਰ ਖਲੂਸ ਅਤੇ ਦੂਜਿਆਂ ਦੇ ਕੰਮ ਆਉਣ ਵਾਲੀ ਸ਼ਖਸ਼ੀਅਤ ਤੇ ਚਾਨਣਾ ਪਾਇਆ । ਉਹਨਾਂ ਵਲੋਂ ਮੌਤ ਦੀ ਪਰਵਾਹ ਨਾ ਕਰਦੇ ਹੋਏ ਪ੍ਰੀਤ ਨਗਰ ਤੋਂ ਮੁਸਲਮਾਨਾਂ ਦੇ ਕਾਫਲੇ ਨੂੰ ਸਰਹਦ ਪਾਰ ਕਰਵਾਉਣਾ । ਹਮਲੇ 'ਚ ਮਰੇ ਮੁਸਲਮਾਨਾਂ ਦੀਆਂ ਲਾਸ਼ਾਂ ਦਫਨਾਉਣੀਆਂ ਅਤੇ ਗਰੀਬ ਲੋਕਾਂ ਨੂੰ ਮੁਫਤ ਪੜ੍ਹਾਈ ਕਰਾਉਣ ਜਿਹੇ ਪਰ ਉਪਕਾਰਾਂ ਦਾ ਬਾਰ ਬਾਰ ਜ਼ਿਕਰ ਕੀਤਾ ਗਿਆ। ਕੋਈ ਚਾਰ ਪੰਜ ਸੌ ਬੰਦਾ ਬੈਠਾ ਸੀ ਇਹਦੇ ਵਿਚ ਜ਼ਿੰਦਗੀ ਦੇ ਸ਼ੋਅਬੇ ਨਾਲ ਤੁਅਲਕ ਰਖਣ ਵਾਲੇ ਸਜਨ ਸਨ । ਲੇਖਕ ਸਨ, ਪਤਰਕਾਰ ਸਨ, ਰਾਜਸੀ ਆਗੂ ਸਨ ਅਤੇ ਸਮਾਜਸੇਵਕ ਵੀ। ਦਿਲੀ ਵਰਗੇ ਸ਼ਹਿਰ ਵਿਚ ਅਜਿਹਾ ਇਕੱਠ ਸ਼ਖਸੀਅਤ ਦੀ ਮਕਬੂਲੀਅਤ ਹੀ ਦਸਦਾ ਸੀ । ਇਸ ਸਮੇਂ ਗਿਆਨੀ ਜਸਵੰਤ ਸਿੰਘ ਜੀ ਦੀ ਸਿਮ੍ਰਤੀ ਵਿਚ ਇਕ ਸ਼ਾਨਦਾਰ ਵਡੇ ਸਾਈਜ਼ ਵਿਚ ਚਾਰ ਸੌ ਸਫ਼ੇ ਦਾ ਸ਼ਰਧਾਂਜਲੀ ਗ੍ਰੰਥ ਵੀ ਰੀਲੀਜ਼ ਕੀਤਾ ਗਿਆ ਅਤੇ ਸਭ ਹਾਜ਼ਰ ਸਜਣਾਂ ਨੂੰ ਭੇਟ ਕੀਤਾ ਗਿਆ । ਪੰਜਾਬੀ ਦੇ ਨਾਮਵਰ ਕਹਾਣੀਕਾਰ ਸ. ਗੁਰਬਚਨ ਸਿੰਘ ਭੁਲਰ ਦੀ ਸੰਪਾਦਕੀ ਸਮਰਥਾ ਦਾ ਮੂੰਹੋਂ ਬੋਲਦਾ ਸਬੂਤ ਇਹ ਗ੍ਰੰਥ ਬਹੁਤ ਰੀਝ ਅਤੇ ਮਿਹਨਤ ਨਾਲ ਤਿਆਰ ਕੀਤਾ ਗਿਆ ਹੈ । ਇਸ ਵਿਚ ਗਿਆਨੀ ਜਸਵੰਤ ਸਿੰਘ ਜੀ ਦੀ ਸ਼ਖਸੀਅਤ ਬਾਰੇ ਧੰਨਵਾਦ ਅਤੇ ਮੁਖ ਸ਼ਬਦ ਛੱਡ ਕੇ ੧੪੫ ਲੇਖ, ਯਾਦਾਂ ਅਤੇ ਕਾਵਿ ਸ਼ਰਧਾਂਜਲੀਆਂ ਹਨ । ਪਹਿਲਾਂ ਤਾਂ ਪੁਰਾਣੀ ਸਾਂਝ ਵਾਲੇ ਮਿਤਰਾਂ, ਨਾਨਕ ਸਿੰਘ ਨਾਵਲਕਾਰ, ਰਾਜਿੰਦਰ ਸਿੰਘ, ਪ੍ਰੀਤਮ ਸਿੰਘ ਆਰਸੀ ਅਤੇ ਪਿਆਰਾ ਸਿੰਘ ਦਾਤਾ ਦੇ ਬਹੁ ਮੁਲੇ ਲੇਖ ਹਨ । ਫੇਰ ਛਾਂ ਤੋਂ ਸਖਣੇ ਸਿਰਲੇਖ ਹੇਠ ਪਰਿਵਾਰ ਦੇ ਜੀਆਂ ਦੇ ਲੇਖ ਹਨ । ਇਸ ਤੋਂ ਅਗੇ 'ਯਾਦਾਂ ਦੀ ਖੁਸ਼ਬੋਈ' ਦੇ ਸਿਰਲੇਖ ਹੇਠ ਦੋ ਭਾਗਾਂ ਵਿਚ ੧੦੬ ਲੇਖ ਹਨ ਇਸ ਵਿਚ ਪੰਜਾਬੀ ਦੇ ਪਹਿਲੀ ਕਤਾਰ ਦੇ ਸਾਰੇ ਸਾਹਿਤਕਾਰਾਂ ਸਹਿਤ ਬਹੁਤ ਸਾਰੇ ਪੰਜਾਬੀ ਦੇ ਚਰਚਿਤ ਲੇਖਕਾਂ ਦੇ ਲੇਖ ਹਨ। ਅੰਤ 'ਚ ਪੁਸ਼ਪਾਂਜਲੀ ਸਿਰਲੇਖ ਹੇਠ ਰਸਾਲਿਆਂ ਤੇ ਅਖਬਾਰਾਂ ਵਿਚ ਛਪੀਆਂ ਸ਼ਰਧਾਂਜਲੀਆਂ ਹਨ । ਸਮਾਗਮ ਵਿਚ ਤੇ ਗ੍ਰੰਥ ਵਿਚ ਵੀ ਸਭ ਲੋਕਾਂ ਨੇ ਗਿਆਨੀ ਜਸਵੰਤ ਸਿੰਘ ਜੀ ਦੀ ਭਰਪੂਰ ਪਰਸੰਸਾ ਕੀਤੀ । ਇਸ ਸਿਲਸਲੇ ਵਿਚ ਅਸੀਂ ਇਕ ਪ੍ਰਤੀਨਿਧ ਲੇਖ ਅਮਰ ਭਾਰਤੀ ਜੀ ਦਾ ਲਿਖਿਆ ਵਰਿਆਮ ਵਿਚ ਵੀ ਛਾਪ ਦਿਤਾ ਹੈ ।

ਅਸਲ ਗਲ ਤਾਂ ਇਹ ਹੈ ਕਿ ਗਿਆਨੀ ਜਸਵੰਤ ਸਿੰਘ ਨੂੰ ਮਿਲਣ ਵਾਲੇ ਤਾਂ ਉਹਨਾਂ ਦੀ ਸ਼ਖਸੀਅਤ ਤੋਂ ਪਰਭਾਵਿਤ ਸਨ ਹੀ । ਜਿਹੜੇ ਨਹੀਂ ਸਨ ਮਿਲੇ ਉਹਨਾਂ ਦੀ ਮਹਿਕ ਤੋਂ ਉਹ ਵੀ ਪਰਭਾਵਤ ਸਨ । ਉਹਨਾਂ ਦੀ ਸੋਭਾ ਸੂਬਿਆਂ ਅਤੇ ਮੁਲਕਾਂ ਦੀਆਂ ਹੱਦਾਂ ਟੱਪ ਗਈ ਸੀ ।

ਪਰ ਇਥੇ ਸਾਡਾ ਮੱਥਾ ਸ਼ਰਧਾ ਨਾਲ ਉਹਨਾਂ ਦੇ ਸਪੁਤਰਾਂ ਚਰਨਜੀਤ ਸਿੰਘ ਚੰਨ ਅਤੇ ਅਮਰਜੀਤ ਸਿੰਘ ਭਾਟੀਆ ਅਗੇ ਝੁਕਦਾ ਹੈ ਜਿਨ੍ਹਾਂ ਨੇ ਆਪਣੇ ਮਹਾਨ ਪਿਤਾ ਦੀ ਯਾਦ ਵਿਚ ਬੇਮਿਸਾਲ ਕਾਰਜ ਕੀਤਾ ਹੈ । ਪਿਤਰੀ ਰਿਣ ਚਕਾਉਣ ਦਾ ਸਭ ਤੋਂ ਵਧੀਆ ਉਪਰਾਲਾ ਕੀਤਾ ਹੈ । ਗ੍ਰੰਥ ਪੜ੍ਹ ਕੇ ਗਿਆਨੀ ਜੀ ਦੇ ਜੀਵਨ ਦੇ ਅਨੇਕਾਂ ਪਾਸਾਰਾਂ ਦਾ ਪਤਾ ਲਗਦਾ ਹੈ । ਉਹਨਾਂ ਦੇ ਵਿਛੜਣ ਤੋਂ ਸੋਲਾਂ ਸਾਲ ਬਾਅਦ ਜਿਸ ਸਰਗਰਮੀ ਨਾਲ ਲੇਖਕ ਲੋਕ ਜੁੜੇ ਅਤੇ ਜਿੰਨੀ ਗਿਣਤੀ ਵਿਚ ਲੇਖ ਆਏ ਅਜਿਹੀ ਸ਼ਰਧਾਂਜਲੀ ਨੂੰ ਤਾਂ ਵਡੇ ਵਡੇ ਲੋਕ ਤਰਸਣਗੇ । ਚੰਨ ਤੇ ਅਮਰਜੀਤ ਵਧਾਈ ਅਤੇ ਧੰਨਵਾਦ ਦੇ ਪਾਤਰ ਹਨ ਜਿਨ੍ਹਾਂ ਇਕ ਮਿਸਾਲ ਕਾਇਮ ਕੀਤੀ ਹੈ ਕਿ ਅਜ ਕਲ ਦੇ ਜ਼ਮਾਨੇ ਵਿਚ ਵੀ ਆਪਣੇ ਬਜ਼ੁਰਗਾਂ ਨੂੰ ਯਾਦ ਕਰਨ ਵਾਲੇ ਲੋਕ ਹੈਗੇ ਹਨ ।

ਅੰਤ ਵਿਚ ਆਪਣੇ ਮਿਤਰ ਸ: ਗੁਰਬਚਨ ਸਿੰਘ ਭੁਲਰ ਹੋਰਾਂ ਨੂੰ ਵਧਾਈ ਵੀ ਤੇ ਸ਼ਾਬਾਸ਼ ਵੀ ਦੇਣਾ ਚਾਹੁੰਦੇ ਹਾਂ ਜਿਸ ਨੇ "ਇਕ ਦਰਵੇਸ਼ ਦਿਲ' ਨਾਮੀ ਇਸ ਗ੍ਰੰਥ ਨੂੰ ਸੰਪਾਦਿਤ ਕਰਨ ਦਾ ਮਹਾਨ ਕਾਰਜ ਸਿਰੇ ਚਾੜਿਆ ਹੈ ।

—ਜਗਦੀਸ਼ ਸਿਂਘ



Sri Satguru Jagjit Singh Ji eLibrary NamdhariElibrary@gmail.com

# ਪਿਆਰਾ ਸਿੰਘ ਦਾਤਾ ਦੀਆਂ ਭੁਲੀਆਂ ਵਿਸਰੀਆਂ ਯਾਦਾਂ

—ਜਗਦੀਸ਼ ਸਿੰਘ—

ਸ: ਪਿਆਰਾ ਸਿੰਘ ਦਾਤਾ ਪੰਜਾਬੀ ਸਾਹਿਤ ਜਗਤ ਦਾ ਬੜਾ ਹੀ ਪਿਆਰਾ ਨਾਮ ਹੈ। ਜਦੋਂ ਦੀ ਹੋਸ਼ ਸੰਭਾਲੀ ਹੈ ਦਾਤਾ ਦਾ ਨਾਮ ਕਿਸੇ ਨਾ ਕਿਸੇ ਪਰਸੰਗ ਵਿਚ ਕੰਨੀਂ ਪੈਂਦਾ ਰਿਹਾ ਹੈ। ਤ੍ਰੇਈ ਕੁ ਸਾਲ ਤੋਂ ਜ਼ਾਤੀ ਵਾਕਫੀ ਮਿਤਰਤਾ ਵਿਚ ਵੀ ਬਦਲੀ ਹੈ। ਉਹਨਾਂ ਨਾਲ ਕਸ਼ਮੀਰ ਦੀਆਂ ਪਹਾੜੀਆਂ ਤੇ ਥਾਈਲੈਂਡ ਵਿਚ ਮਹਾਂਨਗਰ ਬੈਂਕਾਕ ਦੀ ਯਾਤਰਾ ਵੀ ਕੀਤੀ ਹੈ। ਪਿਆਰਾ ਸਿੰਘ ਦਾਤਾ ਦੀ ਆਪਣੀ ਪੁਰਖਲੂਸ ਸ਼ਖਸੀਅਤ ਅਤੇ ਉਹਨਾਂ ਦੀ ਰਚਨਾ ਵਿਚੋਂ ਇਹ ਨਖੇੜਾ ਕਰਨਾ ਮੁਸ਼ਕਲ ਹੈ ਕਿ ਇਹਨਾ ਵਿਚੋਂ ਕੌਣ ਜ਼ਿਆਦਾ ਪਿਆਰੀ ਹੈ। ਉਂਝ ਰਚਨਾ ਰਚਨਹਾਰੇ ਦਾ ਇਕ ਰੂਪ ਵਿਚ ਆਪਾ ਹੀ ਹੁੰਦਾ ਹੈ। ਇਕ ਗਲ ਤਾਂ ਪਿਆਰਾ ਸਿੰਘ ਦਾਤਾ ਦੇ ਨਿਜ ਵਿਚੋਂ ਅਤੇ ਰਚਨਾ ਵਿਚੋਂ ਸਾਂਝੀ ਲਭਦੀ ਹੈ-ਪਿਆਰ। ਪਿਆਰ ਲੋਕਾਂ ਨਾਲ ਦੋਸਤਾਂ ਨਾਲ ਕੁਦਰਤ ਨਾਲ ਅਤੇ ਸਾਹਿਤ ਨਾਲ।

ਪਿਆਰਾ ਸਿੰਘ ਦਾਤਾ ਦੇ ਆਪਣੇ ਵਿਚ ਵੀ ਇਕ ਕਸ਼ਿਸ਼ ਹੈ ਅਤੇ ਲਿਖਤਾਂ ਵਿਚ ਵੀ। ਦਾਤਾ ਜੀ ਕੋਲ ਬੈਠ ਜਾਵੋ ਤਾਂ ਤੁਸੀਂ ਯਾਦਾਂ ਦੇ ਵਿਸ਼ਵ ਕੋਸ਼ ਦੇ ਰੂਬਰੂ ਹੁੰਦੇ ਹੋ। ਬਹੁਤ ਸਾਧਾਰਨ ਗਲ ਜਾਂ ਅਸਾਧਾਰਨਾ ਘਟਨ ਦਾ ਵੇਰਵਾ ਦਾਤਾ ਜੀ ਦੇ ਮੂੰਹ ਚੋਂ ਬਹੁਤ ਦਿਲਚਸਪ ਬਣ ਜਾਂਦਾ ਹੈ। ਬਹੁਤ ਗੰਭੀਰ ਤੇ ਦਰਦਨਾਕ ਗਲ ਵਿਚ ਵੀ ਉਹ ਸਹਿਜ ਰੂਪ ਵਿਚ ਅਜਿਹੀ ਗਲ ਕਰ ਜਾਂਦੇ ਹਨ ਕਿ ਬੰਦੇ ਲਈ ਦੁਬਧਾ ਪੈਦਾ ਹੋ ਜਾਂਦੀ ਹੈ ਕਿ ਉਹ ਰੋਵੇ ਜਾਂ ਹੱਸੇ। ਇਹ ਹੀ ਗਲ ਉਹਨਾਂ ਦੀ ਲਿਖਤ ਵਿਚ ਹੈ। ਉਹਨਾਂ ਦੀਆਂ "ਭੁਲੀਆਂ ਵਿਸਰੀਆਂ ਯਾਦਾਂ" ਨਾਮ ਦੀ ਪੁਸਤਕ ਨਾਲ ਤਾਂ ਇਹ ਯਾਦਾਂ ਤਾਂ ਘਰ ਘਰ ਪਹੁੰਚ ਗਈਆਂ ਹਨ। ਇਕ ਯਾਦ ਉਹਨਾਂ ਦੀ ਸੁਹਾਗ ਰਾਤ ਦੀ ਹੈ। ਇਹ ਯਾਦ ਇਕ ਅਸਫਲ ਮੋਹ ਦੀ ਡੂੰਘੀ ਚੀਸ ਵਿਚ ਰੋਸ ਵਿਚ ਰੋਣ ਦੀ ਥਾਂ ਹੈ। ਉਹ ਲਿਖਦੇ ਹਨ:

"ਸਾਡੀ ਸੁਹਾਗ ਰਾਤ ਵੀ ਬੜੀ ਦਿਲਚਸਪ ਸੀ। ਸੌਣ ਵੇਲੇ ਮੈਂ ਆਪਣੀ ਸ੍ਰੀਮਤੀ ਸਾਹਮਣੇ ਪ੍ਰੀਤ ਨਗਰ ਦਾ ਸੁਹਾਵਣਾ ਸੁਪਨਾ ਚਿਤ੍ਰਿਆ। ਉਥੋਂ ਦੇ ਲੰਗਰ ਦੀਆਂ ਤਾਰੀਫਾਂ ਕੀਤੀਆਂ। ਉਥੋਂ ਦੇ ਨਿਵਾਸੀ ਆਪੋ ਵਿਚ ਕਿੰਨੇ ਪਿਆਰ ਨਾਲ ਰਹਿੰਦੇ ਹਨ। ਉਥੇ ਡਰਾਮੇ ਖੇਡੇ ਜਾਂਦੇ। ਸਕੂਲ ਵਿਚ ਕੁੜੀਆਂ ਮੁੰਡੇ ਕੱਠੇ ਪੜ੍ਹਦੇ ਹਨ।...ਆਪਣੇ ਬਾਰੇ ਮੈਂ ਦਸਿਆ ਕਿ ਮੈਂ ਉਥੇ ਵਾਲੀਬਾਲ ਦੀ ਟੀਮ ਦਾ ਕਪਤਾਨ ਹਾਂ।......

ਆਪਣਾ ਇਸ ਤਰ੍ਹਾਂ ਦਾ ਭਾਸ਼ਨ ਰਾਤ ਦੇ ਇਕ ਵਜੇ ਤੀਕ ਚਲਦਾ ਰਿਹਾ ਪਰ ਸਵੇਰੇ ਜਾਗਣ ਤੇ ਸ੍ਰੀਮਤੀ ਪਾਸੋਂ ਇਸ ਭਾਸ਼ਨ ਦੀ ਪ੍ਰਤੀਕਿਰਿਆ ਬਾਰੇ ਪੁਛਿਆ ਤਾਂ ਪਤਾ ਲਗਾ ਕਿ ਉਹ ਕਈ ਦਿਨਾਂ ਦੀ ਥਕਾਵਟ ਕਾਰਣ ਮੰਜੇ ਤੇ ਲੇਟਦੇ ਹੀ ਸੌਂ ਗਏ ਸਨ ਤੇ ਉਹਨਾਂ ਨੂੰ ਹਾਲੀ ਤੀਕ ਵੀ ਪਤਾ ਨਹੀਂ ਕਿ ਪ੍ਰੀਤ ਨਗਰ ਕਿਸੇ ਜਨੌਰ ਦਾ ਨਾਂ ਹੈ ਜਾਂ ਚਲਦੇ ਫਿਰਦੇ ਮਨੁੱਖ ਦਾ। ਤੇ ਵਾਲੀਬਾਲ ਕੋਈ ਸਮੁੰਦਰੀ ਜਹਾਜ਼ ਹੈ ਜਾਂ ਹਵਾਈ ਜਿਸ ਦਾ ਮੈਂ ਕਪਤਾਨ ਹਾਂ।"

ਪਿਆਰ, ਪਿਆਰਾ, ਪਿਆਰਾ ਸਿੰਘ ਪ੍ਰੀਤ, ਪ੍ਰੀਤ ਲੜੀ ਪ੍ਰੀਤਨਗਰ ਗੁਰਬਖਸ਼ ਸਿੰਘ ਪ੍ਰੀਤ ਲੜੀ ਇਹਨਾਂ ਸਾਰੇ ਸ਼ਬਦਾਂ ਵਿਚੋਂ ਪਰੇਮ ਦੀ ਖੁਸ਼ਬੋ ਆਉਂਦੀ ਹੈ। ਪਿਆਰਾ ਸਿੰਘ ਦਾਤਾ ਦਾ ਇਹਨਾਂ ਸਾਰੇ ਨਾਵਾਂ ਨਾਲ ਸੰਬੰਧ ਹੈ। ਉਹ ਪੋਠੋਹਾਰ ਦੇ ਜਮ ਪਲ, ਰਾਵਲਪਿੰਡੀ ਵਿਚ ਟੈਕਸੀ ਚਲਾਉਂਦੇ ਰਹੇ। ਕੋਹਮਰੀ ਤੇ ਕਸ਼ਮੀਰ ਦੀਆਂ ਸੈਰਾਂ ਕਰਦੇ ਰਹੇ। ਪੰਜਾ ਸਾਹਿਬ, ਲਾਹੌਰ ਤੇ ਪ੍ਰੀਤ ਨਗਰ ਵਿਚ ਉਹ ਸ: ਗੁਰਬਖਸ਼ ਸਿੰਘ ਪ੍ਰੀਤ ਨਗਰ ਦੇ ਸੰਪਰਕ ਵਿਚ ਰਹੇ। ਬਟਵਾਰੇ ਬਾਅਦ ਉਹ ਦਿਲੀ ਆ ਟਿਕੇ। ਪ੍ਰੀਤ ਨਗਰ ਨਾਲ ਸੰਬੰਧਤ ਤਿੰਨ ਦੋਸਤਾਂ ਪ੍ਰੀਤਮ ਸਿੰਘ ਨਵਯੁਗ, ਗਿਆਨੀ ਜਸਵੰਤ ਸਿੰਘ ਅਤੇ ਪਿਆਰਾ ਸਿੰਘ ਦਾਤਾ ਨੇ ਅਪਣੇ ਅਪਣੇ ਪਰੈਸ ਸਥਾਪਤ ਕੀਤੇ। ਆਪਣੇ ਜੀਵਣ ਵਿਚ ਅਣਗਿਣਤ ਰਾਜਨੀਤਕ, ਸਮਾਜਕ ਧਾਰਮਕ ਅਤੇ ਸਾਹਿਤਕ ਚਰਿਤਰ ਦਾਤਾ ਜੀ ਦੇ ਸੰਪਰਕ ਵਿਚ ਆਏ। ਮਾਸਟਰ ਤਾਰਾ ਸਿੰਘ ਤੋਂ ਲੈ ਕੇ ਨਾਨਕ ਸਿੰਘ, ਸੋਭਾ ਸਿੰਘ, ਬਲਰਾਜ ਸਾਹਣੀ, ਮੁਸਾਫਰ ਤੋਂ ਹੁੰਦੇ ਹੁੰਦੇ ਗਿਆਨੀ ਜ਼ੈਲ ਸਿੰਘ ਤਕ ਉਹਨਾਂ ਜ਼ਾਤੀ ਸਬੰਧ ਰਹੇ ਹਨ। ਆਪਣੇ ਪਰਿਵਾਰ ਆਪਣੇ ਪਿੰਡ ਅਤੇ ਆਪਣੇ ਜੀਵਨ ਵਿਚ ਫੈਲੀਆਂ ਅਨੇਕਾਂ ਭੂਲੀਆਂ ਵਿਸਰੀਆਂ ਯਾਦਾਂ ਉਹਨਾਂ ਦੇ ਮਨ ਮਸਤਕ ਵਿਚ ਮਹਿਫੂਜ਼ ਹਨ। ਆਪਣੀਆਂ ਲੰਮੀਆਂ ਯਾਤਰਾਵਾਂ ਵਿਚ ਉਹ ਜਲ ਥਲ ਪਹਾੜ ਘੁਮੇ ਹਨ। ਇਹਨਾਂ ਸਾਰੇ ਤਜਰਬਿਆਂ ਨੂੰ ਉਹਨਾਂ ਬਹੁਤ ਦਿਲਚਸਪੀ ਨਾਲ ਅਨੇਕਾਂ ਪੁਸਤਕਾਂ ਅਤੇ ਮਾਸਕ ਨਵਾਂ ਸਾਹਿਤ ਦੇ ਕਾਲਮਾਂ ਰਾਹੀਂ ਬਿਆਨ ਕੀਤਾ ਹੈ। ਪਿਆਰਾ ਸਿੰਘ ਦਾਤਾ ਸਫਰਨਾਮਿਆਂ, ਹਾਸ ਵਿਅੰਗ ਅਤੇ ਇਤਿਹਾਸ ਦੇ ਲੇਖਕ ਹਨ। ਭੂਲੀਆਂ ਵਿਸਰੀਆਂ ਯਾਦਾਂ



Sri Satguru Jagjit Singh Ji eLibrary NamdhariElibrary@gmail.com

ਵਿਚ ਇਹਨਾਂ ਸਾਰੀਆਂ ਗਲਾਂ ਦਾ ਸੁਆਦ ਮਿਲਦਾ ਹੈ। ਦਾਤਾ ਜੀ ਇਸ ਵੇਲੇ ਚੁਰਾਸੀ ਸਾਲ ਦੇ ਜਵਾਨ ਹਨ। ਆਪਣੇ ਲਿਖਣ ਕਾਰਜ ਦੇ ਮੋਰਚੇ ਤੇ ਡੱਟੇ ਹੋਏ। ਉਹਨਾਂ ਦੀ ਆਪਣੀ ਜ਼ਿੰਦਗੀ ਦੇ ਆਲੇ ਦੁਆਲੇ ਲੰਮਾ ਇਤਿਹਾਸ ਫੈਲਿਆ ਹੋਇਆ ਹੈ। ਇਹ ਆਨੰਦ ਹੀ ਦਿੰਦਾ : ਸਿਖਿਆ ਵੀ ਦਿੰਦਾ ਹੈ ਅਤੇ ਸੋਚਣ ਲਈ ਵੀ ਮਜਬੂਰ ਵੀ ਕਰਦਾ ਹੈ। ਤਿੰਨ ਸੌ ਸਫਿਆਂ ਤੇ ਪਸਰੀਆਂ ਇਹ ਯਾਦਾਂ ਇਕ ਵਾਰ ਪੜ੍ਹਣੀਆਂ ਸ਼ੁਰੂ ਕਰ ਦਿਓ ਤਾਂ ਛੱਡਣ ਨੂੰ ਜੀਅ ਨਹੀਂ ਕਰਦਾ। ਛੋਟੀਆਂ ਛੋਟੀਆਂ ਵੱਡੀਆਂ ਗਲਾਂ ਦੇ ਅਣਗਿਣਤ ਕਿੱਸੇ ਹਨ। ਦਾਤਾ ਜੀ ਸ਼ੈਲੀ ਵਿਚ ਕੋਈ ਅਲੰਕਾਰਾਂ ਦਾ ਲਗ ਲਬੇੜ ਨਹੀਂ ਉਹ ਬਿਰਤਾਂਤ ਹੀ ਅਜਿਹਾ ਲਿਖਦੇ ਹਨ ਕਿ ਸਿਧਾ ਤੁਹਾਡੇ ਮਨ ਨੂੰ ਛੂੰਹਦਾ ਹੈ। ਪਿਛੇ ਜਿਹੇ ਉਹ ਬਹੁਤ ਬੀਮਾਰ ਹੋ ਗਏ ਸਨ ਇਸ ਗਲ ਦਾ ਸਭ ਨੂੰ ਬਹੁਤ ਫਿਕਰ ਲਗਾ ਸੀ ਪਰ ਤਸਲੀ ਵਾਲੀ ਗਲ ਹੈ ਕਿ ਉਹ ਫਿਰ ਤਰੋਂ ਤਾਜ਼ਾ ਸਾਡੇ ਵਿਚ ਮੌਜੂਦ ਹਨ। ਉਹਨਾਂ "ਜ਼ਿੰਦਗੀ ਅਤੇ ਮੌਤ ਵਿਚਕਾਰ" ਸਿਰਲੇਖ ਵਿਚ ਇਸ ਬੀਮਾਰੀ ਦਾ ਜ਼ਿਕਰ ਕੀਤਾ ਹੈ ਪਰ ਚੜ੍ਹਦੀਆਂ ਕਲਾ ਵਿਚ। ਚੜ੍ਹਦੀ ਕਲਾ ਦਾਤਾਜੀ ਦਾ ਵਿਸ਼ੇਸ਼ ਗੁਣ ਹੈ। ਚੈਪਟਰ ਦੇ ਅੰਤ ਤੇ ਉਹ ਲਿਖਦੇ ਹਨ।

"ਆਪਣੀ ਜ਼ਿੰਦਗੀ ਦੀ ਸ਼ਾਮ ਆਉਣ ਤੋਂ ਪਹਿਲਾਂ ਪਹਿਲਾਂ ਕੁਝ ਹੋਰ ਪਹਾੜੀ ਅਸਥਾਨਾਂ ਦੀ ਯਾਤਰਾ ਕਰਨ ਦਾ ਪ੍ਰੋਗਰਾਮ ਬਣਾ ਰਿਹਾ ਹਾਂ। ਜੇ ਕੁਦਰਤ ਮੇਰੇ ਤੇ ਮਿਹਰਬਾਨ ਰਹੀ ਤਾਂ 'ਬੋਲੋ ਹੀ ਰਾਮ' ਤੋਂ ਪਹਿਲਾਂ ਪਹਿਲਾਂ ਇਹ ਪ੍ਰੋਗਰਾਮ ਵੀ ਸਿਰੇ ਚੜ੍ਹ ਜਾਵੇਗਾ ਵਰਨਾ ਹਰੀ ਇਛਾ।" ਦਾਤਾ ਜੀ ਮੌਤ ਨੂੰ ਯਾਦ ਨਹੀਂ ਕਰਦੇ ਸਗੋਂ ਰੀਝ ਵੀ ਰਖਦੇ ਹਨ।

"......ਮਨ ਕਰਦਾ ਹੈ ਕਿ ਗੋਬਿੰਦ ਧਾਮ ਦੇ ਨੇੜੇ ਹੇਮ ਕੁੰਟ ਦੇ ਰਾਹ ਵਿਚ ਖੱਬੇ ਪਾਸੇ ਦੀ ਫੁੱਲਾਂ ਦੀ ਸੁੰਦਰ ਵਾਦੀ (ਵੈਲੀ ਆਫ ਫਲਾਵਰਜ਼) ਵਿਚ ਵਿਚਰਦਿਆਂ ਤੇ ਕੁਦਰਤ ਦੇ ਰੰਗ ਮਾਣਦਿਆਂ ਆਪਣਾ ਆਖਰੀ ਸਾਹ ਨਿਕਲੇ। ਜਿਥੇ ਚਹੁੰ ਪਾਸੀਂ ਕੁਦਰਤ ਪਸਰੀ ਹੋਈ ਹੋਵੇ। ਪਾਸ ਆਪਣਾ ਪਰਾਇਆ ਮਿਤਰ ਸਜਣ ਵੀ ਨਾ ਹੋਵੇ। ਉਥੇ ਹੀ ਆਪਣੇ ਪ੍ਰਾਣ ਪੰਖੇਰੂ ਕੁਦਰਤ ਨਾਲ ਇਕ-ਮਿਕ ਹੋ ਜਾਣ। ਬਸ ਇਹੀ ਮੇਰੀ ਆਖਰੀ ਤਮੰਨਾ ਹੈ। ਆਮੀਨ।"

ਭੁਲੀਆਂ ਵਿਸਰੀਆਂ ਯਾਦਾਂ ਨਾਲ ਦਾਤਾ ਜੀ ਸਦਾ ਲਈ ਸਜੀਵ ਹੋ ਗਏ ਹਨ ਅਤੇ ਇਸਦੇ ਨਾਲ ਹੀ ਅਨੇਕਾਂ ਵਡੇ ਛੋਟੇ ਹੋਰ ਵਿਅਕਤੀ। ਪੁਸਤਕ ਵਿਚ ਦਾਤਾ ਜੀਵਨ ਦੀਆਂ ਰੰਗੀਨ ਤਸਵੀਰਾਂ ਵੀ ਹਨ ਤੇ ਟਾਈਟਲ ਤੇ ਪਿਆਰਾ ਸਿੰਘ ਦਾਤਾ ਰਵਾਇਤੀ ਮੁਸਕਾਣ ਨਾਲ ਮਿਲਦੇ ਹਨ। ਸਾਡੀ ਅਰਦਾਸ ਹੈ ਇਹ ਮੁਸਕਾਣ ਲੰਮੇ ਸਮੇਂ ਤਕ ਵੇਖਦੇ ਰਹੀਏ। ਅਤੇ ਹੋਰ ਨਵੀਆਂ ਪੁਸਤਕਾਂ ਵੀ ਸ. ਪਿਆਰਾ ਸਿੰਘ ਦਾਤਾ ਜੀ ਦੀ ਕਲਮ ਤੋਂ ਪੜ੍ਹ ਸਕੀਏ। (ਪੁਸਤਕ ਭੁਲੀਆਂ ਵਿਸਰੀਆਂ ਯਾਦਾਂ : ਲੇਖਕ ਪਿਆਰਾ ਸਿੰਘ ਦਾਤਾ ਪ੍ਰਕਾਸ਼ਕ ਨੈਸ਼ਨਲ ਬੁਕ ਸ਼ਾਪ, ਪਲਈਅਰ ਗਾਰਡਨ ਮਾਰਕਿਟ ਚਾਂਦਨੀ ਚੌਂਕ ਦਿਲੀ-੧੧੧੦੦੦੬ ਛੱਪੀ ਹੋਈ ਕੀਮਤ 200 ਰੁਪਏ ਛਪਣ ਸਾਲ ੧੯੯੩)।


# SATGURU PARTAP SINGH ACADEMY

(An English Medium Residential Public School)

**SRI BHAINI SAHIB-141113** (Ludhiana)

(Affiliated to Punjab School Education Board up to 10th Class)

## ADMISSION 1994-95

**Unique, English Medium Residential Public School having its pure Indian Cultural Heritage, run under the kind patronage and divine guidance of his Holiness Sri Satguru Jagjit Singh Ji, the Supreme Spritual Head of Namdhari Sikhs.**

- ☐ **Highly qualified and experienced staff, where in, every special care is taked in overall development of the students.**
- ☐ **All facilities with modern amenities provided.**
- ☐ **Academic and Curricular activities.**

## ADMISSION OPEN

PLEASE ASK FOR ADMISSION FORMS

**Ajit Singh Cheema**
*Principal*





Sri Satguru Jagjit Singh Ji eLibrary NamdhariElibrary@gmail.com

ਖਬਰਨਾਮਾ

# ਲੰਡਨ ਵਿਚ ਬਸੰਤ ਪੰਚਮੀ ਦਾ ਤਿਉਹਾਰ

ਪਿਛਲੇ ਦਿਨੀਂ ਲੰਡਨ ਦੀ ਪ੍ਰਸਿਧ ਜਥੇਬੰਦੀ ਇੰਡੀ-ਅਨ ਡੈਮੋਕਰੈਟਿਕ ਫੋਰਮ ਵਾਲਿਆਂ ਨੇ ਮੁਕਾਮੀ ਹੋਰ ਜਥੇਬੰ-ਦੀਆਂ ਦੇ ਸਹਿਯੋਗ ਨਾਲ ਬਸੰਤ ਪੰਚਮੀ ਤਿਉਹਾਰ ਮਨਾਉਣ ਦਾ ਫੈਸਲਾ ਕੀਤਾ। ਰੱਬ ਸਬੱਬੀ ਨਾਮਧਾਰੀ ਸਤਿਗੁਰੂ ਰਾਮ ਸਿੰਘ ਜੀ ਦਾ ਅਵਤਾਰ ਦਿਵਸ ਵੀ ਕਿਉਂਕਿ ਏਸੇ ਦਿਨ ਦਾ ਸੀ ਇਸ ਲਈ ਨਾਮਧਾਰੀ ਸੰਗਤ ਯੂ. ਕੇ. ਵਾਲਿਆਂ ਨੇ ਵੀ ਆਪਣਾ ਭਰਪੂਰ ਸਹਿਯੋਗ ਦੇਣ ਦਾ ਐਲਾਨ ਕੀਤਾ।... ਬਲਕਿ ਇਸ ਤੋਂ ਕੁਝ ਦਿਨ ਹੀ ਪਹਿਲਾਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਦੋਂ ਭਾਰਤ ਦੇ ਪ੍ਰਸਿਧ ਸੰਗੀਤਕਾਰ ਸਰੋਦ ਨਵਾਜ਼ ਉਸਤਾਦ ਅਮਜਦ ਅਲੀ ਖਾਂ ਦੇ ਵਿਸ਼ੇਸ਼ ਪ੍ਰੋਗਰਾਮ ਤੇ ਉਸ ਨੂੰ ਅਸ਼ੀਰਵਾਦ ਦੇਣ ਉਚੇਚੇ ਲੰਡਨ ਆਏ ਸਨ ਤਾਂ ਉਨਾਂ ਉਦੋਂ ਹੀ ਸੰਗਤਾਂ ਨੂੰ ਇਹ ਵਿਸ਼ੇਸ਼ ਤੌਰ ਤੇ ਆਖੀ ਸੀ ਕਿ ਇਹ ਇਤਿਹਾਸਕ ਤਿਉਹਾਰ ਇਸ ਵਰ੍ਹੇ ਪੂਰੇ ਜਾਹੋ ਜਲਾਲ ਨਾਲ ਮਨਾਇਆ ਜਾਵੇ। ਸੋ ਫੋਰਮ ਦੀ ਕਮੇਟੀ ਦੇ ਸਿਰਕੱਢ ਮੈਂਬਰਾਂ ਜਿਵੇਂ ਕਿ ਸ: ਹਰਦੇਵ ਸਿੰਘ ਸਿੰਘ ਢੇਸੀ ਪ੍ਰੋ: ਦੇਵ ਰਾਜ ਸ਼ਰਮਾ ਪ੍ਰੋ: ਰਘਬੀਰ ਸਿੰਘ ਬੈਂਸ ਅਤੇ ਸੁਰਜੀਤ ਸਿੰਘ ਜੀਤ ਨੇ ਪ੍ਰੋਗਰਾਮ ਉਲੀਕਣ ਦੀਆਂ ਤਿਆਰੀਆਂ ਜ਼ੋਰਾਂ ਸ਼ੋਰ ਨਾਲ ਕਰਨੀਆਂ ਸ਼ੁਰੂ ਕਰ ਦਿਤੀਆਂ।

ਬਲਬੀਰ ਸਿੰਘ ਕੰਵਲ ਜੀ ਨੂੰ ਪਹੁੰਚ ਕੀਤੀ ਗਈ ਕਿ ਉਹ ਪੰਜਾਬ ਦੇ ਰਾਂਗਲੇ ਸਭਿਆਚਾਰ ਬਾਰੇ ਆਪਣੀਆਂ ਦੁਰਲੱਭ ਲੱਭਤਾਂ ਦੀ ਨੁਮਾਇਸ਼ ਲਾਉਣ। ਇਸੇ ਤਰ੍ਹਾਂ ਫੈਸਲਾ ਹੋਇਆ ਕਿ ਸੁਰਜੀਤ ਸਿੰਘ ਜੀਤ ਨਾਮਧਾਰੀ ਲਹਿਰ ਬਾਰੇ ਆਪਣੀ ਨਾਦਰ ਸਮਗਰੀ ਜਿਹੜੀ ਉਨਾਂ ਇਕ ਉਮਰ ਲਾ ਕੇ ਲੱਖਾਂ ਰੁਪਿਆ ਖਰਚ ਕਰਕੇ ਇਕੱਤਰ ਕੀਤੀ ਹੋਈ ਹੈ ਉਸ ਦੀ ਵੀ ਨੁਮਾਇਸ਼ ਲਾਉਣ। ਬਹੁ-ਚਰਿਚਿਤ ਸ਼ਖਸ਼ੀਅਤ ਮਿਸਜ਼ ਰਾਮਨੀ ਬਖਸ਼ੀ ਜਿਹੜੇ ਕਿ ਪੱਛਮ ਦੇ ਬਹੁ-ਭਾਂਤੀ ਸਭਿਆਚਾਰ 'ਚ ਭਾਰਤੀ ਨਾਚਾਂ ਖਾਸ ਕਰਕੇ ਭਾਰਤ ਨਾਟਯਮ ਅਤੇ ਭੰਗੜਾ ਆਦਿ ਨੂੰ ਕਾਫੀ ਬੜਾਵਾ ਦੇ ਰਹੇ ਹਨ ਉਨਾਂ ਨੂੰ ਪਹੁੰਚ ਕੀਤੀ ਗਈ ਕਿ ਉਹ ਇਸ ਪ੍ਰੋਗਰਾਮ ਵਿਚ ਆਪਣੇ ਵਿਦਿਆਰਥੀਆਂ ਨੂੰ ਜ਼ਰੂਰ ਸ਼ਾਮਲ ਕਰਨ।

ਇੰਗਲੈਂਡ ਵਰਗੇ ਖੁਲੇ ਡੁਲੇ ਮਾਹੌਲ ਵਾਲੀ ਧਰਤੀ ਤੇ ਲੱਚਰ ਗਾਣੇ ਜਾਂ ਨੀਮ ਨੰਗੇ ਡਾਂਸ ਤਾਂ ਕਿਧਰੇ ਖੱਬੇ ਸੱਜੇ ਹੁੰਦੇ ਹੀ ਰਹਿੰਦੇ ਹਨ ਪਰ ਕਿਉਂਕਿ ਰਵਾਇਤੀ ਤੌਰ ਤੇ ਬਸੰਤ ਪੰਚਮੀ ਤਿਓਹਾਰ ਇਕ ਕਲਾਸੀਕਲ ਧਾਰਮਿਕ ਕਿਸਮ ਦਾ ਤਿਓਹਾਰ ਦਾ ਰਿਹਾ ਹੈ—ਇਸ ਲਈ ਪ੍ਰਬੰਧਕ ਖਾਸ ਤੌਰ ਤੇ ਸੁਚੇਤ ਸਨ ਕਿ ਸਾਰੇ ਦੇ ਸਾਰੇ ਪ੍ਰੋਗਰਾਮ ਦਾ ਮੁਖੜਾ ਸੌਂਦਰਯ ਅਤੇ ਸਭਿਆ ਵਾਲੀ ਛੱਬ ਵਾਲਾ ਰਹੇ। ਨਾਮਧਾਰੀ ਸਤਿਗੁਰਾਂ ਦੀ ਸੋਚ ਦੇ ਜਿਹੜੇ ਦੋ ਤਿੰਨ ਮੋਟੇ ਮੋਟੇ ਸੁਨਹਿਰੀ ਸਤੂਨ ਹਨ-ਉਹ ਹਨ-ਨਾਮ ਦਾ ਸਿਮਰਨ ਕਰਨਾ, ਸਿਖ ਜਗਤ ਨੂੰ ਫੋਕਿਆਂ ਨਸ਼ਿਆਂ ਤੋਂ ਮੁਕਤ ਕਰਨਾ, ਦਾਜ ਦਹੇਜ ਦੇ ਕੋਹੜ ਤੋਂ ਦੂਰ ਰਹਿਣਾ ਅਤੇ ਆਪਣੇ ਸਾਸ਼ਤਰੀ ਸੰਗੀਤ ਕੀਰਤਨ ਗੁਰਬਾਣੀ-ਸੰਗੀਤ ਦੀ ਸਾਹੰਸਰ ਸੁਨਹਿਰੀ ਪ੍ਰੰਪਰਾ ਨੂੰ ਸੁਰਜੀਤ ਰਖਣਾ ਇਹੋ ਕਾਰਨ ਹੈ ਇਸ ਗੱਦੀ ਦੇ ਮਾਲਕ ਸਤਿਗੁਰੂ ਦੇਸ ਤੇ ਪ੍ਰਦੇਸਾਂ ਵਿਚ ਪੰਜਾਬੀ ਬੋਲੀ, ਇਤਿਹਾਸ ਅਤੇ ਸਭਿਆਚਾਰ ਨੂੰ ਜਿਉਂਦਾ ਰਖਣ ਅਤੇ ਫੈਲਾਣ ਲਈ ਪ੍ਰਯਤਨ ਕਰਦੇ ਰਹਿੰਦੇ ਹਨ।

ਪ੍ਰੋਗਰਾਮ ਦੀ ਸਟੇਜ ਉਪਰ ਸ਼ਸੋਭਤ ਸਨ, ਸਭਾਪਤੀ ਸੰਤ ਰਾਜਿੰਦਰ ਸਿੰਘ ਜੀ ਚਾਨਾ ਪ੍ਰਧਾਨ ਨਾਮਧਾਰੀ ਸੰਗਤ ਪ੍ਰੋ: ਨਰੰਜਨ ਸਿੰਘ ਨੂਰ ਮਸ਼ਹੂਰ ਵਿਦਿਅਕ ਅਦਾਰਿਆਂ ਦੇ ਕਰਤਾ ਧਰਤਾ ਅਤੇ ਭਾਈਚਾਰਕ ਜਥੇਬੰਦੀਆਂ ਦੇ ਸਿਰਕੱਢ ਵਰਕਰ ਸ੍ਰੀਮਾਨ ਸੱਤਪਾਲ ਮੁਮਨ ਜੀ ਅੰਬੇਦਕਰ ਇੰਟ: ਮਿਸ਼ਨ।

ਸੰਗੀਤ ਦੀ ਦੁਨੀਆ ਵਿਚ ਬਸੰਤ ਰਾਗ ਵੀ ਮਸ਼ਹੂਰ ਹੈ। ਉਂਝ ਤਾਂ ਸੰਗੀਤ ਦੇ ਸਾਰੇ ਹੀ ਸਾਜ਼ ਆਪਣੀ ਥਾਂ ਇਕ ਸਤਿਕਾਰਯੋਗ ਸਥਾਨ ਰੱਖਦੇ ਹਨ, ਪਰ ਜੇਕਰ ਕੋਈ ਪੂਜਾ ਦਾ ਸਾਜ਼ ਹੈ ਤਾਂ ਉਹ ਹੈ ਸਰਸਵਤੀ ਵੀਣਾ। ਦੇਵੀ ਸਰਸਵਤੀ ਨਾਲ ਬਸੰਤ ਪੰਚਮੀ ਅਤੇ ਬਸੰਤ ਰੁੱਤ ਦਾ ਬੜਾ ਸਬੰਧ ਬਣਿਆ ਆ ਰਿਹਾ ਹੈ। ਬਸੰਤ ਰਾਗ ਦਾ ਸਾਜ ਸਰਸਵਤੀ ਵੀਣਾ ਕਰਕੇ ਵੀ ਜਾਣਿਆ ਜਾਂਦਾ ਹੈ। ਪੁਰਾਤਨ ਸਮਿਆਂ ਤੋਂ ਹੀ 'ਬਸੰਤ ਰੁੱਤ' ਬਸੰਤ ਤਿਉਹਾਰ ਸਮੇਂ ਵਿਦਿਆ ਅਤੇ ਕੋਮਲ ਕਲਾਵਾਂ ਦੀ ਦੇਵੀ ਸਰਸਵਤੀ ਦੀ ਪੂਜਾ ਦਾ ਤਿਉਹਾਰ ਕਰਕੇ ਜਾਣਿਆ ਜਾਂਦਾ ਸੀ, ਪ੍ਰੰਤੂ ਅੱਜ ਕਲ੍ਹ ਇਹ ਤਿਓਹਾਰ ਅਕਾਲ ਪੁਰਖ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਪਵਿੱਤਰ ਪ੍ਰਕਾਸ਼ ਦਿਵਸ ਕਰਕੇ ਜਾਣਿਆ ਜਾਂਦਾ ਹੈ ਜਿਨ੍ਹਾਂ ਨੇ ਭਾਰਤੀ ਸਭਿਆਚਾਰ ਨੂੰ ਅੰਗਰੇਜ਼ੀ ਸਭਿਆਚਾਰ ਵਲੋਂ ਲਗੀ ਢਾਹ ਨੂੰ ਠੱਲ੍ਹਣ ਲਈ, ਪੰਜਾਬੀਆਂ ਨੂੰ ਆਪਣੀ ਸੰਸਕ੍ਰਿਤੀ ਨੂੰ ਬਚਾਉਣ ਅਤੇ ਪ੍ਰਫੁਲਤ ਰੱਖਣ ਲਈ ਫਿਰ ਬਸੰਤੀ ਚੋਲੇ ਪਹਿਨਾ ਆਜ਼ਾਦੀ ਲਾੜੀ ਨੂੰ ਪ੍ਰਨਾਉਣ ਲਈ ਤਿਆਰ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਹੀ ਗੁਰਬਾਣੀ ਦਾ



Sri Satguru Jagjit Singh Ji eLibrary NamdhariElibrary@gmail.com

ਕੀਰਤਨ (ਸੰਗੀਤ) ਰਾਗਾਂ ਵਿਚ ਗਾਇਣ ਕਰਨ ਦੀ ਪ੍ਰੰਪਰਾ ਚਲੀ। ਆ ਰਹੀ ਹੈ, ਇਸ ਨੂੰ ਅੱਜ ਕਲ੍ਹ ਨਾਮਧਾਰੀ ਸਤਿਗੁਰੂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਜਾਰੀ ਰਖ ਰਹੇ ਹਨ ਅਤੇ ਇਸੇ ਪ੍ਰੰਪਰਾ ਅਧੀਨ ਆਪ ਜੀ ਦੀ ਹਜ਼ੂਰੀ ਵਿਚ ਹਮੇਸ਼ਾ ਬਸੰਤ ਰੁੱਤ ਵਿਚ ਬਸੰਤ ਦੀ ਵਾਰ ਬਸੰਤ ਰਾਗ ਵਿਚ ਆਸਾ ਦੀ ਵਾਰ ਦੇ ਭੋਗ ਤੋਂ ਬਾਅਦ ਜ਼ਰੂਰ ਪੜ੍ਹੀ ਅਤੇ ਗਾਇਣ ਕੀਤੀ ਜਾਂਦੀ ਹੈ। ਰਾਗਾਂ ਵਿਚ ਗੁਰਬਾਣੀ ਕੀਰਤਨ ਦੀ ਪ੍ਰੰਪਰਾ ਜੇ ਅੱਜ ਜ਼ਿੰਦਾ ਹੈ ਅਤੇ ਪ੍ਰਫੁਲਤ ਹੋ ਰਹੀ ਹੈ ਉਹ ਸਭ ਨਾਮਧਾਰੀ ਦਰਬਾਰ ਦੀ ਕ੍ਰਿਪਾ ਅਤੇ ਕੋਸ਼ਿਸ਼ ਸਦਕਾ ਹੈ।

## ਪ੍ਰੋਗਰਾਮ ਦੀ ਸ਼ੁਰੂਆਤ

ਪ੍ਰੋ: ਦੇਵ ਰਾਜ ਸ਼ਰਮਾ ਜੀ ਨੇ ਮਾਇਕ ਸੰਭਾਲਦਿਆਂ ਅੱਜ ਦੇ ਸਮਾਗਮ ਦੀ ਸਟੇਜ ਸੰਭਾਲੀ। ਆਪ ਜੀ ਨੇ ਬੜੇ ਸੁਚੱਜੇ ਢੰਗ ਨਾਲ ਤਰਤੀਬਵਾਰ ਪ੍ਰੋਗਰਾਮ ਨਿਭਾਇਆ ਕਿ ਸਰੋਤਿਆਂ ਦੀ ਖੁਸ਼ੀ ਨਾਲ ਆਪ ਜੀ ਦੀ ਕਾਬਲੀਅਤ ਦੀ ਵੀ ਬਹੁਤ ਤਰੀਫ ਕੀਤੀ ਗਈ। ਸੰਤ ਰਜਿੰਦਰ ਸਿੰਘ ਚਾਨਾ ਜੀ ਪ੍ਰਧਾਨ ਨਾਮਧਾਰੀ ਸੰਗਤ ਨੇ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ ਅਤੇ ਆਏ ਸਜਨਾਂ ਦਾ ਧੰਨਵਾਦ ਕਰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦਿਵਸ ਦੀ ਵਧਾਈ ਦਿਤੀ। ਸਭ ਤੋਂ ਪਹਿਲਾਂ ਸ੍ਰੀ ਦਿਵਿਆ ਜੋਸ਼ੀ ਜੋ ਕਿ (ਸੀਨੀਅਰ ਵਕੀਲ ਦੀ ਡਿਗਰੀ) ਬਾਰੈਸਟਰ ਦੀ ਡਿਗਰੀ ਪ੍ਰਾਪਤ ਕਰ ਚੁਕੇ ਹਨ ਉਨ੍ਹਾਂ ਨੇ ਬੰਦੇ-ਮਾਤਰਮ ਗਾ ਕੇ ਹਾਲ ਦੇ ਮਾਹੌਲ ਨੂੰ ਆਜ਼ਾਦੀ ਦੀ ਫ਼ਿਜ਼ਾ ਵਿਚ ਬਸੰਤ ਦੀ ਮਹਿਕ ਖਿਲਾਰ ਦਿਤੀ। ਇਨ੍ਹਾਂ ਨੇ ਹੀ ਇਕ ਹੋਰ ਗੀਤ ਆਪਣੀਆਂ ਸਹੇਲੀਆਂ ਦੇ ਸੰਗ ਗਾਇਆ।

ਇਸ ਤੋਂ ਅਗਲੀ ਆਇਟਮ ਨੇ ਹਾਲ ਵਿਚ ਨਹੀਂ ਸਗੋਂ ਸਾਰੇ ਈਸਟ ਲੰਡਨ ਵਿਚ ਬਸੰਤ ਰਾਗ ਦੀ ਬਸੰਤੀ ਰੰਗ ਦੀ ਮਹਿਕ ਬਖੇਰ ਦਿਤੀ। ਇਹ ਸਨ ਸੰਤੂਰ ਤੇ ਸ੍ਰੀਮਾਨ ਕਿਰਨ-ਪਾਲ ਸਿੰਘ ਜੀ ਜਿਨ੍ਹਾਂ ਸੰਤੂਰ ਜਹੇ ਔਖੇ ਸਾਜ਼ ਦੀ ਸਿਖਿਆ ਪੰਡਤ ਸ਼ਿਵ ਕੁਮਾਰ ਸ਼ਰਮਾ ਜਹੇ ਮਸ਼ਹੂਰ ਉਸਤਾਦ ਪਾਸੋਂ ਪ੍ਰਾਪਤ ਕੀਤੀ ਹੈ। ਆਪਣੇ ਕਾਮਲ ਉਸਤਾਦ ਤੇ ਰਹਿਬਰ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਦੇ ਨਾਮ ਨੂੰ ਉਦੋਂ ਹੀ ਚਾਰ ਚੰਨ ਲਗ ਗਏ ਜਦੋਂ ਆਪ ਜੀ ਦੀ ਕ੍ਰਿਤ ਕ੍ਰਿਸ਼ਮਾ ਸੁਣ ਹਾਲ ਤਾੜੀਆਂ ਨਾਲ ਗੂੰਜ ਉਠਿਆ ਇਨਾ ਨਾਲ ਤਬਲੇ ਉਪਰ ਸਾਥ ਦੇ ਰਿਹਾ ਸੀ ਛੋਟਾ ਬੱਚਾ ਚਰਨਜੀਤ ਸਿੰਘ ਚਾਨਾ ਸੰਤ ਕਮਲਜੀਤ ਸਿੰਘ ਜੀ ਦਾ ਸ਼ਾਗਿਰਦ ਇਨਾਂ ਨੇ ਬਸੰਤ ਰਾਗ 'ਸੰਤੂਰ' ਜਹੇ ਮਧੁਰ ਸਾਜ਼ ਤੇ ਸੁਣਾ ਸਰੋਤਿਆਂ ਨੂੰ ਮੁਗੱਧ ਕਰ ਦਿਤਾ। ਇਸ ਦੇ ਮਾਹੌਲ ਵਿਚੋਂ ਸ੍ਰੀਮਤੀ ਰਾਮਨੀ ਬਖਸ਼ੀ ਜੀ ਨੇ ਸਰੋਤਿਆਂ ਨੂੰ ਜਗਾਇਆ ਆਪ ਜੀ ਨੂੰ ਇਸੇ ਸਮਾਗਮ ਵਿਚ 'ਨੱਚਦੀ ਕਵਿਤਾ' ਦਾ ਖਿਤਾਬ ਦੇ ਕੇ ਨਿਵਾਜਿਆ ਗਿਆ ਹੈ ਇਨ੍ਹਾਂ ਦੇ ਸਟੇਜ ਤੇ ਆਉਣ ਨਾਲ ਤਾੜੀਆਂ ਦੀ ਗੁੰਜਾਰ ਕਾਫੀ ਉਚੀ ਹੋ ਗਈ ਸੀ ਸਰੋਤਿਆਂ ਦੀਆਂ ਤਾੜੀਆਂ ਨੇ ਮਸਾਂ ਆਖਰੀ ਸਿਸਕੀ ਹੀ ਲਈ ਸੀ ਕਿ ਸਰਦਾਰਨੀ (ਸੁਰਜੀਤ ਸਿੰਘ) ਬਖਸ਼ੀ ਜੀ ਨੇ ਮਾਇਕ ਸੰਭਾਲ-ਦਿਆਂ ਧੜਲੇਦਾਰ ਅੰਗਰੇਜ਼ੀ ਵਿਚ ਅਜਿਹੇ ਸਮਾਗਮਾਂ ਦਾ ਮਹੱਤਵ ਅਤੇ ਆਪਣੇ ਗਰੁਪ ਬਾਰੇ ਥੋੜੀ ਜਾਣਕਾਰੀ ਦਿੰਦਿਆਂ ਜਦੋਂ ਆਪਣਾ ਆਇਟਮ ਪੇਸ਼ ਕੀਤਾ ਤਾਂ ਜਾਣੋ ਧਰਤੀ ਪੁਟ ਸੁਟੀ ਹੋਵੇ।

ਇਸ ਆਇਟਮ ਤੋਂ ਬਾਅਦ ਮਿਸ ਕਿਰਨਜੀਤ ਕੌਰ ਸੱਗੂ (ਸਪੁਤਰੀ ਸੁਰਜੀਤ ਸਿੰਘ ਜੀਤ) ਨੇ ਦਾਜ ਦੀ ਲਾਹਨਤ ਬਾਰੇ ਕਵਿਤਾ ਪੜ੍ਹੀ ਅਤੇ ਸਰੋਤਿਆਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਇਸਤਰੀ ਜਾਤੀ ਉਪਰ ਕੀਤੇ ਉਪਕਾਰਾਂ ਤੋਂ ਜਾਣੂ ਕਰਵਾਇਆ। ਉਸ ਤੋਂ ਬਾਅਦ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਪੂਰੀ ਪ੍ਰੰਤੂ ਸੰਖੇਪ ਰੂਪ ਵਿਚ ਜਾਣਕਾਰੀ ਅੰਗਰੇਜ਼ੀ ਵਿਚ ਦਿਤੀ, ਜਿਸ ਨੂੰ ਸੁਣ ਕੇ ਸਾਡੇ ਲੋਕਲ ਐਮ. ਪੀ. ਨੂੰ ਇਹ ਕਹਿਣ ਲਈ ਮਜਬੂਰ ਹੋਣਾ ਪਿਆ ਕਿ ਉਨ੍ਹਾਂ ਨੂੰ ਭਾਰਤ ਬਾਰੇ ਹਮੇਸ਼ਾ ਗਲਤ ਜਾਣਕਾਰੀ ਦਿਤੀ ਜਾਂਦੀ ਰਹੀ ਹੈ। ਐਮ. ਪੀ. ਸਾਹਿਬ ਸੁਰਜੀਤ ਸਿੰਘ ਜੀਤ ਵਲੋਂ ਨਾਮਧਾਰੀ ਇਤਿਹਾਸ ਸਬੰਧੀ ਲਾਈ ਨੁਮਾਇਸ਼ ਨੂੰ ਦੇਖ ਬਹੁਤ ਪ੍ਰਭਾਵਤ ਹੋਏ। ਨਾਮਧਾਰੀ ਸ਼ਹੀਦਾਂ ਦੀਆਂ ਤਸਵੀਰਾਂ ਦੇਖ ਆਪ ਜੀ ਦਾ ਦਿਲ ਪਸੀਜ ਗਿਆ। ਉਨ੍ਹਾਂ ਸਟੇਜ ਤੇ ਕਿਹਾ ਕਿ ਸਾਨੂੰ ਸਕੂਲਾਂ ਵਿਚ ਇਨਾ ਜ਼ੁਲਮ ਕਰਦੀਆਂ ਅੰਗਰੇਜ਼ੀ ਏਜੰਸੀਆਂ ਬਾਰੇ ਕਦੇ ਨਹੀਂ ਸੀ ਦੱਸਿਆ ਗਿਆ, ਸਗੋਂ ਸਾਨੂੰ ਕਿਹਾ ਗਿਆ ਅਤੇ ਪੜ੍ਹਾਇਆ ਜਾਂਦਾ ਸੀ ਕਿ ਅੰਗਰੇਜ਼ ਅਦਾਰੇ ਭਾਰਤੀ ਲੋਕਾਂ ਨੂੰ ਸਭਿਆ-ਚਾਰ ਸਿਖਾ ਰਹੇ ਹਨ ਜਦਕਿ ਭਾਰਤੀ ਸਭਿਆਚਾਰ ਨੂੰ ਵਿਗਾੜਕੇ ਲੋਕਾਂ ਉਪਰ ਜ਼ੁਲਮ ਕਰਕੇ ਦਬਾਇਆ ਜਾ ਰਿਹਾ ਸੀ। ਭਾਰਤੀ ਸਭਿਆਚਾਰ ਅਤੇ ਖਾਸ ਤੌਰ ਤੇ ਪੰਜਾਬੀ ਸਭਿਆਚਾਰ ਇਨਾ ਅਮੀਰ ਸੀ, ਇਹ ਮੈਨੂੰ ਅਜ ਇਥੇ ਲੱਗੀਆਂ ਪ੍ਰਦਰਸ਼ਨੀਆਂ ਦੇਖਣ ਤੋਂ ਬਾਅਦ ਅਤੇ ਇਸ ਬੱਚੀ ਪਾਸੋਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਰੇ ਸੁਣਨ ਤੋਂ ਪਤਾ ਲਗਿਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਮੇਰਾ ਬਹੁਤ ਪਿਆਰ ਹੈ। ਹਿਜ਼ ਹੋਲੀਨੈੱਸ ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ। ਉਹ ਜਦੋਂ ਇਥੇ ਸੰਸਾਰ ਅਮਨ ਦੇ ਮਿਸ਼ਨ 'ਤੇ ਇਥੇ ਲੰਡਨ ਆਏ ਸਨ ਅਸੀਂ (ਮੈਂ



Sri Satguru Jagjit Singh Ji eLibrary NamdhariElibrary@gmail.com

ਟੋਨੀ ਬੈਂਕਸ ਅਤੇ ਮਿਸਟਰ ਕੈਨ ਲਿਵਿੰਸਟਨ ਲੀਡਰ ਲੰਡਨ ਗਰੇਟਰ ਕੌਂਸਲ) ਉਨ੍ਹਾਂ ਦਾ ਪੁਰਜ਼ੋਰ ਅਤੇ ਸਤਿਕਾਰ ਨਾਲ G. L. C. ਦੇ ਵੱਡੇ ਹਾਲ ਵਿਚ ਸੁਆਗਤ ਕੀਤਾ ਸੀ। ਉਹ ਬਹੁਤ ਪਿਆਰੀ ਅਤੇ ਖਿੱਚ-ਭਰਪੂਰ ਸ਼ਖਸੀਅਤ ਹਨ। ਮੈਂ ਉਨ੍ਹਾਂ ਦੇ ਦਰਸ਼ਨਾਂ ਦਾ ਬਹੁਤ ਅਭਿਲਾਖੀ ਹਾਂ। ਹੁਣ ਵੀ ਮੈਂ ਪ੍ਰਧਾਨ ਜੀ ਪਾਸ ਇਤਰਾਜ਼ ਕੀਤਾ ਹੈ ਕਿ ਜਦੋਂ ਉਹ (ਇਥੇ ਆਉਂਦੇ ਹਨ ਜਾਂ) ਆਏ ਸਨ ਮੈਨੂੰ ਕਿਉਂ ਨਹੀਂ ਦਸਿਆ ? ਮੈਂ ਉਨ੍ਹਾਂ ਦੇ ਮਿਸ਼ਨ ਤੋਂ ਬਹੁਤ ਪ੍ਰਭਾਵਤ ਹਾਂ। ਅਸੀਂ ਸਾਰੇ ਹੀ ਸੰਸਾਰ ਅਮਨ ਅਤੇ ਵਖ ਵਖ ਸਭਿਆ-ਚਾਰ ਰਖਦੇ ਹੋਏ ਈਸਟ ਲੰਡਨ ਵਿਚ ਭਾਈਚਾਰਕ ਪਿਆਰ ਸਤਿਕਾਰ ਨੂੰ ਵਧਾਉਂਦਿਆਂ ਦੇਸ਼ ਕੌਮ ਦੀ ਤਰੱਕੀ ਵੱਲ ਕਦਮ ਪੁਟੀਏ। ਮੈਂ ਲੇਬਰ ਪਾਰਟੀ ਵਲੋਂ ਆਪ ਜੀ ਨੂੰ ਭਰੋਸਾ ਦਿਵਾਉਂਦਾ ਹਾਂ ਕਿ ਜਾਤੀਵਾਦ ਬਾਰੇ ਅਤੇ ਲੋਕਲ ਤਰੱਕੀ ਬਾਰੇ ਨਵੇਂ ਕਾਨੂੰਨ ਬਣਾ ਕੇ ਭਾਈਚਾਰਕ ਸੰਬੰਧਾਂ ਨੂੰ ਹੋਰ ਮਜ਼ਬੂਤ ਕੀਤਾ ਜਾਵੇਗਾ।''

ਇਨ੍ਹਾਂ ਤੋਂ ਪਹਿਲਾਂ ਪੂਰੇ ਜਾਹੋ-ਜਲਾਲ ਵਿਚ ਮਿਸਜ਼ ਅੰਮ੍ਰਿਤਾ ਸੰਧੂ ਜੀ ਆਪਣੇ ਗਰੁਪ ਨਾਲ ਸਟੇਜ ਤੇ ਹਾਜ਼ਰ ਹੋਏ। ਉਨ੍ਹਾਂ ਵੀ ਦਾਜ ਦਹੇਜ ਬਾਰੇ ਇਕ ਸੰਗੀਤਕ ਇਕਾਂਗੀ ਬੱਚਿਆਂ ਰਾਹੀਂ ਸਟੇਜ ਤੇ ਦਿਖਾਇਆ—ਕਿਵੇਂ ਗਰੀਬ ਮਾਪੇ ਮੁੰਡੇ ਵਾਲਿਆਂ ਦੀਆਂ ਮਿਨਤਾਂ ਕਰਦੇ ਹਨ ਅਤੇ ਫਿਰ ਭਰਾ ਭੈਣਾਂ ਦੇ ਝੱਲੇ ਤਸੀਹਿਆਂ ਬਾਰੇ ਬਦਲਾ ਲੈਣ ਲਈ ਕਿਵੇਂ ਤੜਫਦੇ ਹਨ। ਬਹੁਤ ਹੀ ਸੁਚੱਜੇ ਸੁਲਝੇ ਢੰਗ ਨਾਲ ਮਿਸਜ਼ ਸੰਧੂ ਜੀ ਨੇ ਤਕੜੀ ਮੇਹਨਤ ਅਤੇ ਤਿਆਰੀ ਨਾਲ ਇਹ ਪ੍ਰੋਗਰਾਮ ਨੂੰ ਸ਼ਿੰਗਾਰਿਆ ਹੋਇਆ ਸੀ। ਸਭ ਬੱਚੇ ਬਸੰਤੀ ਕੱਪੜਿਆਂ ਵਿਚ ਦਾਜ ਦੀ ਲਾਹਨਤ ਨੂੰ ਭੰਡ ਕੇ ਖੁਸ਼ ਹੋਏ ਜਾਂਪਦੇ ਸਨ। ਪ੍ਰੋ: ਨਰੰਜਨ ਸਿੰਘ ਨੂਰ ਜੀ ਪੰਜਾਬੀ ਸਭਿਆਚਾਰ ਤੇ ਸਾਹਿਤ ਦੇ ਨਿੱਗਰ ਥੰਮ ਹਨ ਆਪ ਜੀ ਨੇ ਕਵਿਤਾ ਪੜ੍ਹੀਆਂ। ਸ: ਮੱਖਣ ਸਿੰਘ ਮਰਗਿੰਦ ਜੀ ਨੇ ਬੜੀ ਪ੍ਰਭਾਵਸ਼ਾਲੀ ਤਕਰੀਰ ਕੀਤੀ ਅਤੇ ਬਸੰਤ ਪੰਚਮੀ ਤੇ ਕਵਿਤਾ ਪੜ੍ਹੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਅਵਤਾਰ ਦਿਵਸ ਦੀ ਵਧਾਈ ਦਿੰਦਿਆਂ ਨਾਮਧਾਰੀ ਸੰਗਤ ਦਾ ਧੰਨਵਾਦ ਕੀਤਾ ਅਤੇ ਇਸੇ ਤਰ੍ਹਾਂ ਰਲਮਿਲ ਤਿਉਹਾਰ ਮਨਾਉਣ ਲਈ ਉਤਸ਼ਾਹਤ ਵੀ ਕੀਤਾ। ਪ੍ਰੋ: ਅਜੀਤ ਸਿੰਘ ਜੀ ਨੇ ਬਹੁਤ ਹੀ ਰਸ-ਭਰਪੂਰ ਬਸੰਤ ਸਬੰਧੀ ਕਵਿਤਾ ਪੜ੍ਹੀ। ਸ੍ਰੀ ਗੁਰਦਿਆਲ ਚੰਦ ਬੈਂਗਰ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਬਾਬਤ ਜਾਣਕਾਰੀ ਦਿਤੀ ਅਤੇ ਬਸੰਤ ਦੀ ਵਾਰ ਦੇ ਇਕ ਸਲੋਕ ਦੀ ਵਿਆਖਿਆ ਕਰਦਿਆਂ ਇਸ ਤਰ੍ਹਾਂ ਦੇ ਸਮਾਗਮਾਂ ਦੀ ਜ਼ਰੂਰਤ ਅਤੇ ਮਹੱਤਤਾ ਦੱਸੀ।

ਸ੍ਰੀਮਾਨ ਖਰੈਤੀ ਰਾਮ ਜੀ ਨੇ ਵਾਰਿਸ ਦੀ ਹੀਰ ਗਾ ਕੇ ਪੰਜਾਬੀ ਮਾਹੌਲ ਬਣਾ ਦਿਤਾ। ਅੰਤ ਵਿਚ ਸ੍ਰੀਮਾਨ ਸ: ਹਰਦੇਵ ਸਿੰਘ ਢੇਸੀ ਜੀ ਨੇ ਬਹੁਤ ਹੀ ਅਸਰ-ਭਰਪੂਰ ਅਤੇ ਸੁਲਝੇ ਢੰਗ ਨਾਲ ਵਿਦਵਤਾ ਸਹਿਤ ਬਸੰਤ ਬਾਰੇ ਜਾਣਕਾਰੀ ਦਿਤੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਇਸਤਰੀ ਜਾਤੀ ਸਬੰਧੀ ਕੀਤੇ ਉਪਕਾਰਾਂ ਨੂੰ ਬਾਖੂਬੀ ਨਾਲ ਬਿਆਨਿਆ। ਅੱਜ ਦੇ ਪ੍ਰੋਗਰਾਮ ਵਿਚ ਦਾਜ ਬਾਰੇ ਆਈਆਂ ਆਈਟਮਾਂ ਸ੍ਰੀ ਸਤਿਗੁਰੁ ਰਾਮ ਸਿੰਘ ਜੀ ਦੇ ਪ੍ਰੋਗਰਾਮ ਨੂੰ ਅੱਗੇ ਲਿਜਾਣ ਦੀਆਂ ਪ੍ਰਤੀਕ ਹਨ। ਮਹਾਤਮਾ ਗਾਂਧੀ ਜੀ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਵਲੋਂ ਦਿਤੇ ਪ੍ਰੋਗਰਾਮ ਨੂੰ ਅਗੇ ਲਿਜਾ ਕੇ ਭਾਰਤ ਦੀ ਅਜ਼ਾਦੀ ਲਈ ਹੰਭਲਾ ਮਾਰਿਆ। ਅਸੀਂ ਹਮੇਸ਼ਾ ਮਕਾਨ ਦੀ ਨੀਂਹ ਵਿਚ ਲੱਗੀਆਂ ਇੱਟਾਂ ਦੀ ਮਹਾਨਤਾ ਭੁੱਲ ਜਾਂਦੇ ਹਾਂ। ਮੇਰੀ ਮੁਰਾਦ ਨਾਮਧਾਰੀਆਂ ਦੀਆਂ ਦੇਸ਼ ਦੀ ਆਜ਼ਾਦੀ ਲਈ ਦਿਤੀਆਂ ਕੁਰਬਾਨੀਆਂ ਤੋਂ ਹੈ। ਪੂਰਾ ੯੦ ਸਾਲ (੧੮੫੭–੧੯੪੭) ਦਾ ਇਤਿਹਾਸ ਸਿੱਖ ਧਰਮ ਅਤੇ ਪੰਜਾਬ ਦੀ ਆਜ਼ਾਦੀ ਦੀ ਲਹਿਰ ਦਾ ਇਤਿਹਾਸ ਸਿਰਫ ਤੇ ਸਿਰਫ ਨਾਮਧਾਰੀ ਲਹਿਰ ਦਾ ਇਤਿਹਾਸ ਹੀ ਹੈ। ਜੋ ਗਤੀਵਿਧੀਆਂ ਇਸ ਸਮੇਂ ਵਿਚ ਹੋਈਆਂ ਉਹ ਨਾਮਧਾਰੀ ਸਤਿਗੁਰਾਂ ਅਤੇ ਸਿੱਖਾਂ ਦੇ ਹੀ ਆਲੇ-ਦੁਆਲੇ ਘੁੰਮਦੀਆਂ ਹਨ।

ਅੰਤ ਵਿਚ ਆਖਰੀ ਆਇਟਮ ਨਾਮਧਾਰੀ ਸੰਗਤ ਯੂ. ਕੇ. ਦੇ ਪ੍ਰਧਾਨ ਸੰਤ ਰਾਜਿੰਦਰ ਸਿੰਘ ਚਾਨਾ ਜੀ ਨੇ ਧੰਨਵਾਦ ਕੀਤਾ ਅਤੇ ਅਗੋਂ ਵੀ ਅਜਿਹੇ ਪ੍ਰੋਗਰਾਮ ਕਰਨ ਲਈ ਉਤਸ਼ਾਹ ਦੇ ਨਾਲ ਨਾਲ ਪੂਰਾ ਸਹਿਯੋਗ ਦੇਣ ਦਾ ਬਚਨ ਦਿਤਾ।

ਸ੍ਰੀਮਾਨ ਟੋਨੀ ਬੈਂਕਸ ਵਲੋਂ ਦੋ ਨੁਮਾਇਸ਼ਾਂ ਦਾ ਉਦਘਾਟਨ ਕੀਤਾ ਗਿਆ। ਅੰਤ ਵਿਚ ਸ੍ਰੀਮਤੀ ਰਾਮਨੀ ਬਖਸ਼ੀ ਜੀ ਨੂੰ ਇਕ ਚਾਂਦੀ ਦੀ ਟਰੇਅ ਭੇਟ ਕੀਤੀ ਗਈ, ਨਾਲ ਹੀ ਨਾਮਧਾਰੀ ਸੰਗਤ ਯੂ. ਕੇ. ਵਲੋਂ ਚੁੰਨੀ (ਸਰੋਪੇ ਵਜੋਂ ਦਿਤੀ ਗਈ। ਇਸੇ ਤਰ੍ਹਾਂ ਸ: ਬਲਬੀਰ ਸਿੰਘ ਕੰਵਲ ਜੀ ਨੂੰ ਵੀ ਟਰੇਅ ਭੇਟ ਕੀਤੀ ਗਈ, ਜਿਸ ਵਿਚ 'ਪੰਜਾਬ ਦਾ ਵਿਰਸਾ' ਆਪ ਜੀ ਦਾ ਖਿਤਾਬ ਉੱਕਰਿਆ ਹੋਇਆ ਸੀ। ਇਨ੍ਹਾਂ ਟਰੇਆਂ ਦੇ ਨਾਲ ਸਰਟੀਫ਼ਿਕੇਟ ਵੀ ਦਿਤੇ ਗਏ। ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਰਟੀਫਿਕੇਟ ਅਤੇ ਟਰਾਫ਼ੀਆਂ ਭੇਟ ਕੀਤੀਆਂ ਗਈਆਂ।



Sri Satguru Jagjit Singh Ji eLibrary NamdhariElibrary@gmail.com

# ਅੰਮ੍ਰਿਤਸਰ ਵਿਚ ਵਿਸਾਖੀ ਤੇ ਨਾਮਧਾਰੀ ਸਮਾਗਮ

ਵਿਸਾਖੀ ਦੇ ਪਾਵਨ ਅਵਸਰ ਤੇ ਸ੍ਰੀ ਅੰਮ੍ਰਿਤਸਰ ਦੇ ਰਾਮ ਬਾਗ ਵਿਚ ਇਤਿਹਾਸਕ ਨਾਮਧਾਰੀ ਸ਼ਹੀਦਾਂ ਦੇ ਬੋਹੜ ਕੋਲ ਤਿੰਨ ਦਿਨਾ ਵਿਸ਼ਾਲ ਨਾਮਧਾਰੀ ਸਮਾਗਮ ੧੪ ਅਪਰੈਲ ਨੂੰ ਤੜਕੇ ਪੰਜ ਜੋੜਿਆਂ ਦੇ ਸਮੂਹਕ ਅਨੰਦ ਕਾਰਜਾਂ ਉਪਰੰਤ ਸਮਾਪਤ ਹੋ ਗਿਆ। ਬੀਤੀ ਸ਼ਾਮ ਦੀਵਾਨ ਨੂੰ ਸੰਬੋਧਨ ਕਰਦਿਆਂ ਨਾਮਧਾਰੀ ਜਗਤ ਦੇ ਮੁਖੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੁਭ ਅਮਲਾਂ ਤੇ ਚੱਲਣ ਦੀ ਪ੍ਰੇਰਨਾ ਦਿਤੀ। ਉਹਨਾਂ ਨੇ ਲੋਕਾਂ ਨੂੰ ਈਰਖਾ ਦਵੈਤ ਅਤੇ ਕਲੇਸ਼ ਨੂੰ ਮਨਾਂ ਵਿਚੋਂ ਕੱਢ ਕੇ ਅਤੇ ਤਰੇੜਾਂ ਮੇਲ ਕੇ ਰਲ ਮਿਲਕੇ ਏਕਤਾ ਨਾਲ ਰਹਿਣ ਦਾ ਉਪਦੇਸ਼ ਦਿਤਾ। ਸਾਰੇ ਦੁਖਾਂ ਦਾ ਦਾਰੂ ਨਾਮ ਸਿਮਰਨ ਦੱਸਦਿਆਂ ਆਪ ਨੇ ਨਾਮ ਸਿਮਰਨ ਦੇ ਨਾਲ ਘਰ ਪ੍ਰਤੀ ਮਹੀਨੇ ਵਿਚ ਇਕ ਪਾਠ ਆਦਿ ਜਾਂ ਦਸਮ ਗਰੰਥ ਸਾਹਿਬ ਜੀ ਦਾ ਕਰਨ ਵਾਸਤੇ ਆਖਿਆ। ਇਸ ਅਵਸਰ ਤੇ ਉਹਨਾਂ ਨਾਮਧਾਰੀਆਂ ਦੇ ਨਵੇਂ ਥਾਪੇ ਸੂਬਿਆਂ ਦਾ ਵੀ ਐਲਾਨ ਕੀਤਾ।

ਇਸ ਮੌਕੇ ਤੇ ਸ: ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਨਾਮਧਾਰੀ ਦਰਬਾਰ ਵਲੋਂ ਪਾਸ ਕੀਤਾ ਮਤਾ ਪੜ੍ਹ ਕੇ ਸੁਣਾਇਆ ਜਿਸ ਵਿਚ ਪੰਜਾਬ ਵਿਧਾਨ ਸਭਾ ਵਲੋਂ ਸਰਬ ਸਰਬ ਸੰਮਤੀ ਨਾਲ ਪਾਸ ਕੀਤੇ ਗਏ ਉਸ ਬਿਲ ਦੀ ਸ਼ਲਾਘਾ ਕੀਤੀ ਗਈ ਜਿਸ ਰਾਹੀਂ ਗਰਭ ਦੌਰਾਨ ਲਿੰਗ ਟੈਸਟ ਕਰਨ ਦੇ ਬਹਾਨੇ ਨਾਲ ਲੜਕੀਆਂ ਨੂੰ ਗਰਭ ਵਿਚ ਹੀ ਖਤਮ ਕਰਨ ਦੀ ਪ੍ਰਕਿਰਿਆ ਤੇ ਪਾਬੰਦੀ ਲਾਈ ਗਈ ਹੈ। ਮਤੇ ਵਿਚ ਕਿਹਾ ਗਿਆ ਕਿ ਵਿਧਾਨ ਸਭਾ ਨੇ ਨਾਮਧਾਰੀ ਦਰਬਾਰ ਵਲੋਂ ੨੪ ਜੂਨ ੧੯੯੩ ਨੂੰ ਮਲੇਰ ਕੋਟਲਾ ਦੇ ਸ਼ਹੀਦੀ ਸਮਾਗਮ ਵਿਚ ਖਾਸ ਕੀਤੇ ਮਤੇ ਨੂੰ ਅਮਲੀ ਰੂਪ ਦੇ ਕੇ ਅੱਛਾ ਕੰਮ ਕੀਤਾ ਹੈ। ਮਤੇ ਵਿਚ ਪੰਜਾਬ ਦੀਆਂ ਸਾਰੀਆਂ ਸਿਆਸੀ ਪਾਰਟੀਆਂ ਦਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਬਿਲ ਨੂੰ ਇਕ ਮੁੱਠ ਹੋ ਕੇ ਸਮਰਥਨ ਦਿਤਾ। ਪੰਜਾਬ ਦੇ ਮੁਖ ਮੰਤਰੀ ਸ: ਬੇਅੰਤ ਸਿੰਘ ਜੀ ਦਾ ਉਚੇਚਾ ਧੰਨਵਾਦ ਕੀਤਾ ਗਿਆ ਜਿਨ੍ਹਾਂ ਮਾਲੇਰਕੋਟਲਾ ਵਿਚ ਕੀਤੇ ਬਚਨ ਨੂੰ ਸਿਰੇ ਚਾੜ੍ਹਿਆ ਹੈ! ਮਤੇ ਵਿਚ ਸਮੂਹ ਲੋਕਾਂ ਨੂੰ ਅਪੀਲ ਕੀਤੀ ਗਈ ਕਿ ਉਹ ਮਨ ਬਚਨ ਅਤੇ ਕਰਮ ਦੁਆਰਾ ਇਸ ਐਕਟ ਨੂੰ ਅਮਲੀ ਰੂਪ ਵਿਚ ਲਾਗੂ ਕਰਨ ਵਾਸਤੇ ਸਹਾਈ ਹੋਣ।

ਜਗਦੀਸ਼ ਸਿੰਘ ਵਰਿਆਮ ਹੋਰਾਂ ਮਤੇ ਦੀ ਵਿਆਖਿਆ ਕਰਦਿਆਂ ਕਿਹਾ ਕਿ ਅਸਲ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੀ ਇਸ ਮਾਮਲੇ ਵਿਚ ਅਗਵਾਈ ਕਰਕੇ ਲੜਕੀਆਂ ਦੀ ਬੰਦ ਖਲਾਸ ਵਾਸਤੇ ਸਤਿਗੁਰੂ ਰਾਮ ਸਿੰਘ ਜੀ ਦੇ ਕਾਰਜ ਕਰਮ ਨੂੰ ਅਗੇ ਤੋਰਿਆ ਹੈ।

ਸਾਬਕਾ ਮੈਂਬਰ ਪਾਰਲੀਮੈਂਟ ਅਤੇ ਚੀਫ਼ ਖਾਲਸਾ ਦੀਵਾਨ ਦੇ ਪ੍ਰਧਾਨ ਸ: ਕਿਰਪਾਲ ਸਿੰਘ ਨੇ ਇਕ ਪ੍ਰਭਾਵ-ਸ਼ਾਲੀ ਤਕਰੀਰ ਵਿਚ ਕਿਹਾ ਕਿ ਇਹ ਗਲ ਸਭ ਤੋਂ ਵਿਲਖਣ ਅਤੇ ਨਿਰਾਲੀ ਹੈ ਕਿ ਨਾਮਧਾਰੀਆਂ ਨੇ ਸੱਚੇ ਆਚਰਨ ਵਾਸਤੇ, ਆਪ ਸ਼ਹਾਦਤ ਕਬੂਲ ਕਰਕੇ ਨਿਰਦੋਸ਼ ਬੰਦੇ ਫਾਹੇ ਲਗਣ ਤੋਂ ਬਚਾਏ। ਜਿਨ੍ਹਾਂ ਨੇ ਚੱਜ ਆਚਾਰ ਦੀ ਉਤਲੀ ਮੰਜ਼ਲ ਤੇ ਪਹੁੰਚਣਾ ਹੁੰਦਾ ਹੈ ਉਹ ਵੱਖ ਵੱਖ ਰਸਤਿਆਂ ਤੋਂ ਜਾਂਦੇ ਹੋਏ ਵੀ ਲੜਦੇ ਨਹੀਂ। ਮਨੁੱਖ ਅਤੇ ਮਨੁੱਖ ਦਰਮਿ-ਆਨ ਦੀਵਾਰਾਂ ਟੁਟਣੀਆਂ ਚਾਹੀਦੀਆਂ ਹਨ।

ਵਿਸਾਖੀ ਦਾ ਇਤਿਹਾਸਕ ਪੁਰਬ ਨਾਮਧਾਰੀ ਸੰਗਤਾਂ ਜਿਥੇ ਗੁਰੂ ਗੋਬਿੰਦ ਸਿੰਘ ਜੀ ਵਲੋਂ ਖਾਲਸਾ ਪੰਥ ਸਾਜਣ ਦੇ ਪੁਰਬ ਦੇ ਤੌਰ ਤੇ ਮਨਾਉਂਦੀਆਂ ਹਨ ਉਥੇ ਸੰਨ ੧੮੫੭ ਵਿਚ ਸਤਿਗੁਰੂ ਰਾਮ ਸਿੰਘ ਜੀ ਵਲੋਂ ਨਾਮਧਾਰੀ ਲਹਿਰ ਦੇ ਆਰੰਭ ਅਤੇ ਸੰਤ ਖਾਲਸਾ ਸਾਜਣ ਦੀ ਯਾਦ ਵਜੋਂ ਵੀ ਮਨਾਉਂਦੀਆਂ ਹਨ।

ਤਿੰਨ ਦਿਨ ਚੱਲੇ ਸਮਾਗਮ ਵਿਚ ਪੰਡਿਤ ਗੋਪਾਲ ਸਿੰਘ, ਜਥੇਦਾਰ ਗਿਆਨ ਸਿੰਘ ਵੀਰੋਕੇ, ਅਮਰ ਸਿੰਘ ਨਕੌੜਾ, ਪ੍ਰਿੰਸੀਪਲ ਅਜੀਤ ਸਿੰਘ ਚੀਮਾ, ਸੰਤ ਜੀਊਣ ਸਿੰਘ ਕਵੀਸ਼ਰ, ਸੂਬਾ ਮੇਲਾ ਸਿੰਘ, ਜਥੇਦਾਰ ਸੁਖਦਰਸ਼ਨ ਸਿੰਘ, ਸਿੰਘ, ਬਾਬਾ ਛਿੰਦਾ ਸਿੰਘ, ਜ. ਇਕਬਾਲ ਸਿੰਘ ਸੰਤ ਹਰਬੰਸ ਸਿੰਘ ਘੁੱਲਾ, ਜ. ਗੁਰਦੀਪ ਸਿੰਘ, ਨਿਰਮਲ ਸਿੰਘ, ਬਲਵਿੰਦਰ ਸਿੰਘ ਅਤੇ ਹੋਰਾਂ ਨੇ ਵਿਖਿਆਨਾਂ ਅਤੇ ਕੀਰਤਨ ਰਾਹੀਂ ਆਪਣੇ ਵਿਚਾਰ ਪੇਸ਼ ਕੀਤੇ।



Sri Satguru Jagjit Singh Ji eLibrary NamdhariElibrary@gmail.com

## ਨਵੇਂ ਸੂਬੇ

ਇਸ ਅਵਸਰ ਤੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਕੁਝ ਨਵੇਂ ਸੂਬੇ ਥਾਪੇ, ਉਹਨਾਂ ਦਾ ਐਲਾਨ ਦੀਵਾਨ ਵਿਚ ਕੀਤਾ ਗਿਆ। ਸੂਬਾ ਸਾਹਿਬ ਨਾਲ ਸਹਾਇਕ ਸੂਬੇ ਵੀ ਨਿਯੁਕਤ ਕੀਤੇ ਗਏ, ਜਿਨ੍ਹਾਂ ਦਾ ਵੇਰਵਾ ਇਸ ਪ੍ਰਕਾਰ ਹੈ (ਇਹਨਾਂ ਵਿਚ ਕੁਝ ਪਹਿਲਾਂ ਵਾਲੇ ਸੂਬੇ ਵੀ ਸ਼ਾਮਲ ਹਨ) :—

**ਅੰਮ੍ਰਿਤਸਰ** : ਨੱਥਾ ਸਿੰਘ ਜੀ ਤਾਜੇ ਚੱਕ,
ਭਗਤ ਸਿੰਘ ਜੀ ਮਹੱਦੀਪੁਰ

**ਕਪੂਰਥਲਾ** : ਜੁਗਿੰਦਰ ਸਿੰਘ ਜੀ ਜਲੰਧਰ,
ਸੁਖਵਿੰਦਰ ਸਿੰਘ ਜੀ ਲਿੱਟਾਂ

**ਜਲੰਧਰ** : ਮਾ: ਸੁਰਜੀਤ ਸਿੰਘ ਜੀ ਕੁਤਬੇਵਾਲ
ਜਸਬੀਰ ਸਿੰਘ ਜੀ ਪੱਦੀ ਖਾਲਸਾ

**ਗੁਰਦਾਸਪੁਰ** : ਸੂਬਾ ਕਰਤਾਰ ਸਿੰਘ ਜੀ ਹੋਠੀਆਂ
ਜ: ਅਜੀਤ ਸਿੰਘ ਜੀ ਬਟਾਲਾ

**ਲੁਧਿਆਣਾ** : ਸੂਬਾ ਮੇਲਾ ਸਿੰਘ ਜੀ ਰਛੀਨ
ਹਰਭਜਨ ਸਿੰਘ ਜੀ ਉਦੇ ਨਿਟਵੀ-ਅਰ, ਲੁਧਿਆਣਾ

**ਰੋਪੜ** : ਮਨੀ ਸਿੰਘ ਜੀ

**ਯੂ. ਪੀ.** : ਭਗਤ ਸਿੰਘ ਜੀ ਬਰੇੜੀ

**ਸੁੰਦਰ ਨਗਰ** : ਰਿਖੀ ਸਿੰਘ ਜੀ

**ਹਿਸਾਰ** : ਚਰਨਜੀਤ ਸਿੰਘ ਜੀ

**ਫਤਹਿਗੜ੍ਹ ਸਾਹਿਬ** : ਸੁਰਿੰਦਰ ਸਿੰਘ ਜੀ ਸਪੁਤਰ ਸੰਤ ਗੁਰਚਰਨ ਸਿੰਘ ਡੇਰਾ ਮੀਰ ਮੀਰਾਂ
ਹਰਭਜਨ ਸਿੰਘ ਜੀ ਮੁਰਿੰਡੇ ਵਾਲੇ

ਇਸ ਸਮੇਂ ਵਿਸ਼ੇਸ਼ ਗੱਲ ਇਹ ਹੋਈ ਕਿ ਮਾਈਆਂ ਵਿਚੋਂ ਦੋ ਬੀਬੀਆਂ ਪੂਰਾ ਸੂਬਾ ਸਥਾਪਤ ਕੀਤੀਆਂ ਗਈਆਂ। ਉਹਨਾਂ ਦੇ ਨਾਮ ਹਨ—ਬੀਬੀ ਮਹਿੰਦਰ ਕੌਰ ਹੁਸ਼ਿਆਰਪੁਰ ਅਤੇ ਬੀਬੀ ਸੁਰਿੰਦਰ ਕੌਰ ਖਰਲ (ਰੋਪੜ) ਵਾਲੇ।

## ਉਦੇ ਨਿਟਵੀਅਰ ਵਲੋਂ ਸਮਾਗਮ

ਸ. ਸਰਦਾਰਾ ਸਿੰਘ ਜੀ ਦੇ ਪਰਿਵਾਰ ਵਲੋਂ ਜੰਮੂ ਕਾਲੋਨੀ ਲੁਧਿਆਣਾ ਵਿਚ ਉਦੇ ਨਿਟਵੀਅਰ (ਉਸਟਰ) ਦੇ ਨਾਂਅ ਹੇਠ ਗਰਮ ਕੋਟੀਆਂ, ਸਵੈਟਰ ਬਨਾਉਣ ਦੀ ਇਕ ਸਫਲ ਫੈਕਟਰੀ ਚਲ ਰਹੀ ਹੈ। ਸ. ਸਰਦਾਰ ਸਿੰਘ ਜੀ ਦੇ ਨੌਜਵਾਨ ਸਪੁਤਰ ਸ. ਜਗਮੋਹਨ ਸਿੰਘ, ਸੂਬਾ ਹਰਭਜਨ ਸਿੰਘ, ਸ. ਗੁਰਬਖਸ਼ੀਸ਼ ਸਿੰਘ ਪੂਰੀ ਈਮਾਨਦਾਰੀ, ਮਿਹਨਤ, ਯੋਗਤਾ ਅਤੇ ਸਿਦਕ ਦਿਲੀ ਨਾਲ ਇਸ ਕਾਰੋਬਾਰ ਨੂੰ ਚਲਾ ਰਹੇ ਹਨ। ਪਰਿਵਾਰ ਨੇ ਇਕ ਹੋਰ ਤਗੜੀ ਛਾਲ ਮਾਰੀ ਹੈ ਅਤੇ ਡਗਰੀ ਰੋਡ ਲੁਧਿਆਣਾ ਤੇ ਬਣ ਰਹੇ ਵਿਸ਼ਾਲ ਕੰਪਲੈਕਸ ਦੇ ਇਕ ਬਹੁਤ ਵਡੇ ਹਿਸੇ ਨੂੰ ਆਪਣੇ ਕਾਰੋਬਾਰ ਵਾਸਤੇ ਲੈ ਲਿਆ ਹੈ। ਇਸ ਅਸਥਾਨ ਨੂੰ ਪਵਿੱਤਰ ਕਰਨ ਵਾਸਤੇ ਅਤੇ ਕਾਰੋਬਾਰ ਦਾ ਸ਼ੁਭਾਰੰਭ ਕਰਨ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਮਹਾਰਾਜ ਜੀ ਦੇ ਚਰਨ ਨਵੇਂ ਪਰੀਸਰ ਵਿਚ ਪਵਾਏ। ੨੪ ਅਪਰੈਲ ਨੂੰ ਆਸਾ ਦੀ ਵਾਰ ਦਾ ਕੀਰਤਨ ਵੀ ਹੋਇਆ, ਵਿਧੀਵਤ ਕੀਤੇ ਅਖੰਡ ਪਾਠ ਦਾ ਭੋਗ ਵੀ ਪਾਇਆ ਗਿਆ। ਦੋ ਜੋੜਿਆਂ ਦੇ ਅਨੰਦ ਕਾਰਜ ਵੀ ਕੀਤੇ ਗਏ। ਆਦਿ ਅਤੇ ਦਸਮ ਗਰੰਥ ਸਾਹਿਬ ਦੇ ਸਹਿਜ ਪਾਠਾਂ ਦੇ ਭੋਗ ਵੀ ਪਾਏ ਗਏ ਅਤੇ ਤਿੰਨ ਦਿਨ ਅਤੁੱਟ ਲੰਗਰ ਵੀ ਵਰਤਦਾ ਰਿਹਾ। ਇਹ ਬਹੁਤ ਭਾਰੀ ਮੇਲਾ ਸੀ। ਨਾਮਧਾਰੀ ਸੰਗਤਾਂ ਤੋਂ ਇਲਾਵਾ ਸ਼ਹਿਰ ਨਿਵਾਸੀ ਹਜ਼ਾਰਾਂ ਦੀ ਗਿਣਤੀ ਵਿਚ ਆਏ ਸਨ।

ਵਿਸ਼ੇਸ਼ ਗੱਲ ਇਹ ਸੀ ਕਿ ਇਸ ਇਮਾਰਤ ਦਾ ਹੇਠਲਾ ਭਾਗ (ਭੋਰਾ ਜਾਂ ਬੇਸਮੈਂਟ) ਇੱਡਾ ਵਿਸ਼ਾਲ ਸੀ ਕਿ ਸਾਰਾ ਸਮਾਗਮ, ਦੀਵਾਨ, ਅਨੰਦ ਕਾਰਜ ਅਤੇ ਲੰਗਰ ਇਸ ਦੇ ਅੰਦਰ ਹੀ ਹੋ ਗਿਆ। ਸਤਿਗੁਰੂ ਜੀ ਨੇ ਵੀ ਖੁਲ੍ਹੇ ਦਰਸ਼ਨ ਦੇ ਕੇ ਸੇਵਕਾਂ ਨੂੰ ਨਿਹਾਲ ਕੀਤਾ। ਮੁਖ ਸਮਾਗਮ ਦੀ ਪੂਰਵ ਸੰਧਿਆ ਭਾਵ ੨੩ ਅਪਰੈਲ ਨੂੰ ਸਤਿਗੁਰੂ ਜੀ ਦੀ ਹਜ਼ੂਰੀ ਵਿਚ ਸੰਗੀਤ ਦੀ ਵਿਸ਼ਸ਼ ਸਭਾ ਉੱਪਰ ਵੱਖਰੇ ਹਾਲ ਵਿਚ ਹੋਈ। ਅਜੇਹੀ ਸਭਾ ਕੇਵਲ ਸੰਗੀਤਕਾਰਾਂ ਜਾਂ ਸੰਗੀਤ ਵਿਦਿਆਰਥੀਆਂ ਲਈ ਹੁੰਦੀ ਹੈ। ਇਹ ਅਸਲ ਵਿਚ ਸੰਗੀਤ ਅਭਿਆਸ ਦੀ ਕਲਾਸ ਹੁੰਦੀ ਹੈ, ਪਰ ਅੱਜ ਸਤਿਗੁਰੂ ਜੀ ਵਲੋਂ ਕੁਝ ਖੁਲ੍ਹ ਦੇਣ ਤੇ ਸਮੁਚੀ ਸਾਧ ਸੰਗਤ ਅਤੇ ਬਾਹਰੋਂ ਆਏ ਵਿਸ਼ੇਸ਼ ਮਹਿਮਾਨ ਵੀ ਬੈਠ ਸਕੇ। ਪਰਿਵਾਰ ਨੇ ਸਤਿਗੁਰੂ ਜੀ ਨੂੰ ਚੰਦਨ ਦੇ ਫੁੱਲਾਂ ਦੀ ਮਾਲਾ ਅਰਪਿਤ ਕਰਕੇ



Sri Satguru Jagjit Singh Ji eLibrary NamdhariElibrary@gmail.com

ਸੁਆਗਤ ਕੀਤਾ । ਮੁਖ ਗਾਇਕ ਪ੍ਰੋ: ਯਸ਼ਪਾਲ ਜੀ ਚੰਡੀਗੜ੍ਹ ਵਾਲੇ ਆਏ ਸਨ ਜਿਨ੍ਹਾਂ ਦਾ ਸਨਮਾਨ ਸਤਿਗੁਰੂ ਜੀ ਨੇ ਇਕ ਵਿਸ਼ੇਸ਼ ਹਾਰ ਗਲ ਵਿਚ ਪਾ ਕੇ ਕੀਤਾ । ਇਸ ਬੈਠਕ ਵਿਚ ਪ੍ਰੋ: ਯਸ਼ਪਾਲ ਜੀ ਨੇ ਸ਼ਾਸਤਰੀ ਰਾਗਾਂ ਦੀਆਂ ਅਨੇਕਾਂ ਬੰਦਸ਼ਾਂ ਸੁਣਾਈਆਂ । ਸਤਿਗੁਰੂ ਜੀ ਨੇ ਵੀ ਆਪਣੇ ਸੰਗੀਤ ਕੋਸ਼ ਵਿਚੋਂ ਅਣਗਿਣਤ ਦੁਰਲੱਭ ਰਚਨਾਵਾਂ ਸੁਣਾਈਆਂ । ਮੋਹਨ ਸਿੰਘ ਸੁਖਦੇਵ ਸਿੰਘ ਰਾਗੀ ਸਤਿਗੁਰੂ ਜੀ ਨਾਲ ਗਾਉਂਦੇ ਰਹੇ । ਹੋਰ ਵੀ ਸੰਗੀਤ ਵਿਦਿਆਰਥੀਆਂ ਅਤੇ ਵਿਦਿਆਰਥਣਾਂ ਨੇ ਰਚਨਾਵਾਂ ਸੁਣਾਈਆਂ । ਕੋਈ ਤਿੰਨ ਘੰਟੇ ਚੱਲੀ ਬੈਠਕ ਵਿਚ ਸੰਗੀਤ ਦਾ ਅਦਭੁੱਤ ਰਸ ਬਣਿਆ ਰਿਹਾ । ਜਥੇਦਾਰ ਦਰਸ਼ਨ ਸਿੰਘ ਲੁਧਿਆਣਾ ਜੋ ਰੋਗੀਆਂ ਦੀ ਸੇਵਾ ਦੇ ਇਨਚਾਰਜ ਹਨ ਉਹਨਾਂ ਨਾਲ ਕਈ ਡਾਕਟਰ ਵੀ ਆਏ । ਡਾ: ਦੀਪਕ ਖੋਸਲਾ, ਡਾ: ਨੀਰਜ ਖੋਸਲਾ, ਡਾ: ਅਨਿਲ ਮਿੱਤਲ, ਡਾ: ਅਨਿਲ ਵੋਹਰਾ, ਡਾ: ਮਨਜੀਤ ਕੌਰ ਵੋਹਰਾ ਅਤੇ ਹੋਰ ਕਈ ਉਦਯੋਗਪਤੀ ਵੀ ਆਏ ।

ਸਤਿਗੁਰੂ ਜੀ ਨੇ ਆਪਣੇ ਸੰਖੇਪ ਸ਼ਬਦਾਂ ਦੇ ਪ੍ਰਵਚਨ ਦੁਆਰਾ ਹਜ਼ਾਰਾਂ ਸੰਗਤਾਂ ਦੇ ਮਨਾਂ ਨੂੰ ਠੰਢ ਬਖਸ਼ੀ । ਆਪ ਜੀ ਨੇ ਅਨੇਕਾਂ ਪ੍ਰਮਾਣ ਦੇ ਕੇ ਨਾਮ ਜਪਣ ਤੇ ਜ਼ੋਰ ਦਿਤਾ, ਈਰਖਾ ਨੂੰ ਛਡਣ, ਚੰਗੀਆਂ ਪੁਸਤਕਾਂ, ਚੰਗੇ ਸਾਧੂਆਂ ਦੀ ਸੰਗਤ ਕਰਨ ਵਾਸਤ ਪ੍ਰੇਰਿਆ । ਆਪ ਨੇ ਰਹਿਤ ਮਰਿਆਦਾ ਵਿਚ ਪ੍ਰਪੱਕ ਹੋਣ ਵਾਸਤੇ ਆਗ੍ਰਹਿ ਕੀਤਾ ਅਤੇ ਜਹਾਂ ਕਹਾਂ ਕਾ ਪ੍ਰਸਾਦ ਨਾ ਛਕਣ ਦਾ ਗੁਰੂ ਗੋਬਿੰਦ ਸਿੰਘ ਜੀ ਦਾ ਉਪਦੇਸ਼ ਯਾਦ ਕਰਾਇਆ । ਦੀਵਾਨ ਦੀ ਸਮਾਪਤੀ ਤੇ ਬੜਾ ਭਾਰੀ ਗੁਰੂ ਕਾ ਲੰਗਰ ਵਰਤਾਇਆ ਗਿਆ, ਜੋ ਸਾਧ-ਸੰਗਤ ਨੇ ਪ੍ਰੇਮ ਸਹਿਤ ਛਕਿਆ । ਲੁਧਿਆਣੇ ਦੇ ਨੌਜਵਾਨ ਜਥੇ ਨੇ ਹਰ ਕਾਰਜ ਵਿਚ ਬੜੀ ਲਗਨ ਨਾਲ ਸੇਵਾ ਕੀਤੀ ।

## ਸ. ਕਰਤਾਰ ਸਿੰਘ ਸੋਖੀ

ਸੰਤ ਏਕਮ ਸਿੰਘ ਸੋਧ (ਬਰਮਿੰਘਮ) ਇੰਗਲੈਂਡ ਵਾਲੇ ਖਬਰ ਦੇਂਦੇ ਹਨ ਕਿ ਸੰਤ ਕਰਤਾਰ ਸਿੰਘ ਸੋਖੀ ਜੀ ੬੮ ਸਾਲ ਦੀ ਆਯੂ ਭੋਗ ਕੇ ੩-੩-੯੪ ਨੂੰ ਵੀਰਵਾਰ ਵਾਲੇ ਦਿਨ ਅਕਾਲ ਚਲਾਣਾ ਕਰ ਗਏ । ਉਹਨਾਂ ਦੇ ਪਿਤਾ ਦਾ ਨਾਮ ਟਹਿਲ ਸਿੰਘ ਅਤੇ ਮਾਤਾ ਦਾ ਨਾਮ ਚੰਦ ਕੌਰ ਸੀ।

ਸੰਤ ਕਰਤਾਰ ਸਿੰਘ ਸੋਖੀ ਜੀ ਨੇ ੧੪ ਸਾਲ ਦੀ ਬਾਲ ਵਰੇਸ ਦੀ ਉਮਰ ਵਿਚ ਸੰਤ ਹਜ਼ੂਰਾ ਸਿੰਘ ਭੂਰੀ ਵਾਲਿਆਂ ਤੋਂ ਭਜਨ ਲਿਆ ਸੀ ਅਤੇ ਆਪ ਜੀ ਸਵਾਸ ਸਵਾਸ ਨਾਮ ਜਪਣ ਵਾਲੇ ਗੁਰਮੁਖ ਜੀਊੜੇ ਸਨ। ਆਪ ਜੀ ਦੇ ਬਬਾਣ ਸਮੇਂ ਲਗ ਭਗ ਦੋ ਹਜ਼ਾਰ ਦੀ ਗਿਣਤੀ ਵਿਚ ਸੰਗਤ ਨਾਲ ਸੀ ਜਿਸ ਵਿਚ ਅਨੇਕ ਕਾਰਾਂ ਤੇ ਬਸਾਂ ਨਾਲ ਸੰਗਤ ਇਕੱਤਰ ਹੋਈ। ਨਾਮਧਾਰੀ ਗੁਰਦੁਆਰੇ ਵਿਚ ਇਕ ਘੰਟਾ ਨਾਮ ਸਿਮਰਨ ਕੀਤਾ ਗਿਆ, ਫਿਰ ਦੇਹ ਦਾ ਸਸਕਾਰ ਕਰਕੇ ਸੰਗਤ ਗੁਰਦੁਆਰੇ ਆਈ । ਅਲਾਹੁਣੀਆਂ ਦਾ ਪਾਠ ਕੀਤਾ ਗਿਆ, ਉਪਰੰਤ ਗੁਰੂ ਕਾ ਲੰਗਰ ਅਤੁਟ ਵਰਤਿਆ । ਉਹ ਆਪਣੇ ਪਿਛੇ ਇਕ ਸਪੁਤਰ ਅਤੇ ਦੋ ਸਪੁਤਰੀਆਂ ਛਡ ਗਏ ਹਨ । ਆਪ ਜੀ ਨੇ ਡਾਕਟਰੀ ਦਾ ਕਿੱਤਾ ਅਪਨਾਇਆ ਹੋਇਆ ਸੀ । ਜਿਸ ਮਰੀਜ਼ ਨੂੰ ਹੋਰ ਡਾਕਟਰ ਅਰੋਗ ਕਰਨ ਵਿਚ ਨਾਕਾਮਯਾਬ ਰਹਿੰਦੇ ਉਸਨੂੰ ਸੰਤ ਕਰਤਾਰ ਸਿੰਘ ਸੋਖੀ ਜੀ, ਸਤਿਗੁਰਾਂ ਦੀ ਕਿਰਪਾ ਸਦਕਾ ਦਵਾਈ ਨਾਲ ਝਟ ਅਰੋਗ ਕਰ ਦੇਂਦੇ ਸਨ। ਉਹਨਾਂ ਦੇ ਅਕਾਲ ਚਲਾਣੇ ਨਾਲ ਨਾਮਧਾਰੀ ਪੰਥ ਅਤੇ ਰਾਮਗੜ੍ਹੀਆ ਕੌਮ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪੈ ਗਿਆ ਹੈ ।

## ਪੰਜਾਬੀ ਸਾਹਿਤ ਸਭਾ ਢਿਲਵਾਂ ਮੁੜ ਸੁਰਜੀਤ

ਪਿਛਲੇ ਦਿਨੀਂ ਪੰਜਾਬੀ ਸਾਹਿਤ ਸਭਾ ਢਿਲਵਾਂ ਮੁੜ ਸੁਰਜੀਤ ਕੀਤੀ ਗਈ ਤੇ ਉਸ ਦੀ ਪਹਿਲੀ ਮੀਟਿੰਗ ੬ ਮਾਰਚ ਐਤਵਾਰ ਨੂੰ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਢਿਲਵਾਂ ਵਿਚ ਕੀਤੀ ਗਈ । ਜਿਸ ਵਿਚ ਪਹਿਲਾਂ ਅਹੁਦੇ-ਦਾਰਾਂ ਦੀ ਚੋਣ ਸ੍ਰੀ ਹਰਭਜਨ ਸਿੰਘ ਹੁੰਦਲ ਦੀ ਸਰਪ੍ਰਸਤੀ ਹੇਠ ਕੀਤੀ ਗਈ। ਸਰਪ੍ਰਸਤ ਸ੍ਰੀ ਕਰਤਾਰ ਸਿੰਘ ਸਾਥੀ, ਪ੍ਰਧਾਨ ਸ੍ਰੀ ਹਰਭਜਨ ਸਿੰਘ 'ਸਿਫਤੀ' ਸੀਨੀਅਰ ਮੀਤ ਪ੍ਰਧਾਨ ਸ੍ਰੀ ਹੰਸਾ ਸਿੰਘ ਜਨਰਲ ਸਕਤਰ ਸ੍ਰੀ ਸੁਖਵੰਤ ਸਿੰਘ 'ਕੰਗ' ਨਿਹਾਲਗੜ੍ਹਵਾਲੇ, ਸਕਤਰ ਸ੍ਰੀ ਸ਼ੇਖਰ ਬਿਆਸ ਪ੍ਰੈਸ ਸਕਤਰ ਸ੍ਰੀ ਗੋਬਿੰਦ ਸੁਖੀਜਾ ਅਤੇ ਖਜ਼ਾਨਚੀ ਤਰਸੇਮ ਢਿਲੋਂ ਚੁਣੇ ਗਏ ।

ਸੁਖਵੰਤ ਸਿੰਘ ਕੰਗ
ਜਨਰਲ ਸਕੱਤਰ
ਪੰਜਾਬੀ ਸਾਹਿਤ ਸਭਾ ਢਿਲਵਾਂ
(ਕਪੂਰਥਲਾ) ।



Sri Satguru Jagjit Singh Ji eLibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone 5455011

# NAMDHARI MARBLE CO.

PROP. : DAYA SINGH BHUI
ALL KINDS OF MARBLE STONE SUPPLIERS
WZ-2, Mansarover Garden, Ring Road,
NEW DELHI-110015

ਅਪਣੀ ਕਿਰਪਾ ਧਾਰੀ
ਤਿਨਿ ਸਗਲੀ ਬਾਤ ਸਵਾਰੀ

pecialists in : 'A' Class Decoration for
Marriages Parties & Govt. Functions

## Namdhari Tent House

53, Hamidia Road Near Alpana Talkies,
BHOPAL (M.P.)

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phone : Office 58795
Resi. 58795

## SAGGU
## IRON INDUSTRIES

Sugar Mill Spares, Paper & Boards Mill
Spares, Textile Mill Spares, Distillery
Spares & Solvent Plant Spares
All Type of Gear & Chain Sprockets &
Industrial Chain

Partner : S. Puran Singh Saggu
Old Railway Road, JALANDHAR.

Phone : 61040
Code : 01824

For Fitting Diesel Engines in Foreign and Indian Cars bodies Contact

## Amarjit Motor Garage

G.T. Road, Opp. Jalandhar Octroi Post,
PHAGWARA (Pb.)
Specialists in :
Mercedes Benz Car Repairing




Sri Satguru Jagjit Singh Ji eLibrary NamdhariElibrary@gmail.com

Registered No. PB/JL—253 MONTHLY WARIAM APRIL 1994
Ladowali Raod, Jalandhar-144001
Registered with the Registrar of News Papers for India No. 26453/75

੧ੳ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ




## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

## ਨਾਮਧਾਰੀ ਏਜੰਸੀਜ਼

੨/੨੦੬੯, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ,
ਚਾਂਦਨੀ ਚੌਂਕ, ਦਿਲੀ-੧੧੦੦੦੬

**Manufacturers & Suppliers of :**

**TUKRIDAR PRINTED SHAMIANAS & KANATS**
**FOR ALL KINDS, IN ATTRACTIVE AND GUARANTEED FAST COLOURS**
**WOODEN & STEEL FURNITURE**
**& PADESTALFAN ETC.**

Phones : Office : 252[illegible]
" : 2510[illegible]
Resi. : 68454[illegible]

**PLEASE CONTACT**

# Namdhari Agencies

2/2068 CHAH ANDARA, (Behind Jubilee Cinema)
CHANDNI CHOWK, DELHI-110006.


ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼; ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ
... ਜਲੰਧਰ ਤੋਂ ਪ੍ਰਕਾਸ਼ਤ ...

Sri Satguru Jagjit Singh Ji eLibrary NamdhariElibrary@gmail.com